ਸਾਂਝੀ ਸੋਚ ਅਖ਼ਬਾਰ ਅਤੇ ਟੀ.ਵੀ ਨਾਲ ਜੁੜਨ ਲਈ ਸੰਪਰਕ ਕਰੋ
ਅੰਮ੍ਰਿਤਸਰ +91 81463 20009
ਪਟਿਆਲਾ +91 79735 07533

ਸਾਂਝੀ ਸੋਚ
SANJHI SOCH
ਸਾਂਝੀ ਸੋਚ
ਰੋਜ਼ਾਨਾ ਪੰਜਾਬੀ ਅਖ਼ਬਾਰ
ਪੰਜਾਬੀਅਤ ਦੀ ਸੋਚ 'ਤੇ ਪਹਿਰਾ

DOWNLOAD THE APP
NOW AVAILABLE ON
24x7
LIVE STREAMING
ਸਾਂਝੀ ਸੋਚ ਟੀ ਵੀ Mobile App 'ਤੇ ਵੀ ਉਪਲਬਧ

VOL-13 ISSUE 2464 14 May, 2026 Thursday www.sanjhisoch.com ਕੈਲੀਫੋਰਨੀਆ ★ ਪੰਜਾਬ ★ ਹਿਮਾਚਲ ★ ਹਰਿਆਣਾ ★ ਦੇਸ਼ ਦੁਨੀਆਂ +1 (209) 303-1260

# ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਪਹੁੰਚੇ ਚੀਨ: ਬੀਜਿੰਗ ਹਵਾਈ ਅੱਡੇ 'ਤੇ ਚੀਨੀ ਉਪ ਰਾਸ਼ਟਰਪਤੀ ਹਾਨ ਜ਼ੇਂਗ ਨੇ ਕੀਤਾ ਸਵਾਗਤ



ਬੀਜਿੰਗ
ਸਾਂਝੀ ਸੋਚ ਬਿਊਰੋ

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਬੁੱਧਵਾਰ ਸ਼ਾਮ ਨੂੰ ਚੀਨ ਦੇ ਸਰਕਾਰੀ ਦੌਰੇ ਲਈ ਬੀਜਿੰਗ ਪਹੁੰਚੇ। ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਦੇ ਸੱਦੇ 'ਤੇ, ਟਰੰਪ 13 ਤੋਂ 15 ਮਈ ਤੱਕ ਚੀਨ ਦਾ ਦੌਰਾ ਕਰ ਰਹੇ ਹਨ। ਉਨ੍ਹਾਂ ਦਾ ਜਹਾਜ਼ ਬੀਜਿੰਗ ਕੈਪੀਟਲ ਇੰਟਰਨੈਸ਼ਨਲ ਏਅਰਪੋਰਟ 'ਤੇ ਉਤਰਿਆ, ਜਿੱਥੇ ਉਨ੍ਹਾਂ ਦਾ ਸਵਾਗਤ ਚੀਨੀ ਉਪ ਰਾਸ਼ਟਰਪਤੀ ਹਾਨ ਜ਼ੇਂਗ ਨੇ ਕੀਤਾ। ਜਿਵੇਂ ਹੀ ਟਰੰਪ ਏਅਰ ਫੋਰਸ ਵਨ ਤੋਂ ਉਤਰੇ, ਨੀਲੇ ਅਤੇ ਚਿੱਟੇ ਵਰਦੀਆਂ ਪਹਿਨੇ ਲਗਭਗ 300 ਬੱਚਿਆਂ ਦਾ ਇੱਕ ਸਮੂਹ ਹਵਾਈ ਅੱਡੇ 'ਤੇ ਮੌਜੂਦ ਸੀ। ਉਹ ਅਮਰੀਕੀ ਅਤੇ ਚੀਨੀ ਝੰਡੇ ਲਹਿਰਾ ਰਹੇ ਸਨ। ਆਗਮਨ ਦੌਰਾਨ, ਬੱਚਿਆਂ ਨੇ ਮੈਂਡਰਿਨ ਵਿੱਚ "ਸਵਾਗਤ" ਦੇ ਨਾਅਰੇ ਲਗਾਏ। ਰਿਪੋਰਟਾਂ ਦੇ ਅਨੁਸਾਰ, ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਅਤੇ ਟਰੰਪ ਵੀਰਵਾਰ ਅਤੇ ਸ਼ੁੱਕਰਵਾਰ ਨੂੰ ਦੁਵੱਲੇ ਸਬੰਧਾਂ ਅਤੇ ਵਿਸ਼ਵ ਸ਼ਾਂਤੀ ਅਤੇ ਵਿਕਾਸ ਨਾਲ ਸਬੰਧਤ ਪ੍ਰਮੁੱਖ ਮੁੱਦਿਆਂ 'ਤੇ ਡੂੰਘਾਈ ਨਾਲ ਵਿਚਾਰ ਵਟਾਂਦਰਾ ਹੋਵੇਗਾ।ਦੋਵਾਂ ਨੇਤਾਵਾਂ ਵਿਚਕਾਰ ਵਪਾਰ, ਤਾਈਵਾਨ, ਦੁਰਲੱਭ ਧਰਤੀ ਦੇ ਖਣਿਜ, ਏਆਈ ਅਤੇ ਈਰਾਨ ਨਾਲ ਜੁੜੇ ਟਕਰਾਅ ਵਰਗੇ ਮੁੱਦਿਆਂ 'ਤੇ ਚਰਚਾ ਹੋਣ ਦੀ ਉਮੀਦ ਹੈ। ਟਰੰਪ ਦਾ 15 ਮਈ ਤੱਕ ਬੀਜਿੰਗ ਵਿੱਚ ਰਹਿਣ ਦਾ ਪ੍ਰੋਗਰਾਮ ਹੈ। ਇਹ 2017 ਤੋਂ ਬਾਅਦ ਚੀਨ ਦਾ ਉਨ੍ਹਾਂ ਦਾ ਪਹਿਲਾ ਦੌਰਾ ਹੈ।

# ਯੂ.ਐੱਸ ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ ਵੱਲੋਂ ਡਿਪੋਰਟੇਸ਼ਨ ਰੋਕਣ ਲਈ ਨਵੇਂ ਸਖ਼ਤ ਨਿਯਮ ਲਾਗੂ

ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ

ਯੂ.ਐੱਸ ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ ਨੇ 'ਡੈਫਰਡ ਐਕਸ਼ਨ' ਨਾਲ ਸੰਬੰਧਿਤ ਆਪਣੀ ਨੀਤੀ ਵਿਚ ਵੱਡਾ ਬਦਲਾਅ ਕਰਦਿਆਂ ਹੁਣ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਡਿਪੋਰਟੇਸ਼ਨ ਨੂੰ ਅਸਥਾਈ ਤੌਰ 'ਤੇ ਰੋਕਣ ਦੀ ਛੂਟ ਸਿਰਫ਼ 'ਅਸਧਾਰਣ' ਮਾਮਲਿਆਂ ਵਿਚ ਹੀ ਦਿੱਤੀ ਜਾਵੇਗੀ।ਨਵੀਂ ਪਾਲਿਸੀ ਗਾਈਡਲਾਈਨ ਮੁਤਾਬਕ, ਹੁਣ ਡੈਫਰਡ ਐਕਸ਼ਨ ਕੇਵਲ ਕੇਸ-ਦਰ-ਕੇਸ ਅਧਾਰ 'ਤੇ ਹੀ ਦਿੱਤੀ ਜਾਵੇਗੀ ਅਤੇ ਹਰ ਅਰਜ਼ੀ ਲਈ 'ਮਜ਼ਬੂਤ ਜਾਂ ਅਸਧਾਰਣ ਹਾਲਾਤ' ਸਾਬਤ ਕਰਨੇ ਲਾਜ਼ਮੀ ਹੋਣਗੇ। ਇਹ ਨੀਤੀ ਤੁਰੰਤ ਪ੍ਰਭਾਵ ਨਾਲ ਲਾਗੂ ਹੋ ਗਈ ਹੈ।ਯੂ.ਐੱਸ ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ ਨੇ ਆਪਣੇ ਬਿਆਨ ਵਿਚ ਕਿਹਾ ਕਿ ਏਜੰਸੀ ਅਮਰੀਕਾ ਦੇ ਇਮੀਗ੍ਰੇਸ਼ਨ ਕਾਨੂੰਨਾਂ ਨੂੰ ਸਖ਼ਤੀ ਨਾਲ ਲਾਗੂ ਕਰੇਗੀ ਅਤੇ ਸਿਰਫ਼ ਵਿਲੱਖਣ ਮਾਮਲਿਆਂ ਵਿਚ ਹੀ ਪ੍ਰੋਸੀਕਿਊਟੋਰੀਅਲ ਡਿਸਕਰੈਸ਼ਨ ਵਰਤੀ ਜਾਵੇਗੀ।ਨਵੀਂ ਗਾਈਡਲਾਈਨ ਨਾਲ ਹੁਣ ਵੱਡੀਆਂ ਇਮੀਗ੍ਰੈਂਟ ਸ਼੍ਰੇਣੀਆਂ ਨੂੰ ਇਕੱਠੇ ਡੈਫਰਡ ਐਕਸ਼ਨ ਦੇਣ ਦੀ ਪ੍ਰਥਾ ਖਤਮ ਹੋ ਜਾਵੇਗੀ। ਏਜੰਸੀ ਨੇ ਕਿਹਾ ਕਿ ਪਹਿਲਾਂ ਡਿਪਾਰਟਮੈਂਟ ਆਫ ਹੋਮਲੈਂਡ ਸਕਿਓਰਿਟੀ ਵੱਲੋਂ ਕਈ ਵੱਡੇ ਸਮੂਹਾਂ ਨੂੰ ਬਿਨਾਂ ਵਿਸਥਾਰਪੂਰਵਕ ਵਿਅਕਤੀਗਤ ਜਾਂਚ ਦੇ ਇਹ ਰਾਹਤ ਦਿੱਤੀ ਜਾਂਦੀ ਸੀ, ਪਰ ਹੁਣ ਹਰ ਕੇਸ ਦੀ ਵੱਖਰੇ ਤੌਰ 'ਤੇ ਜਾਂਚ ਕੀਤੀ ਜਾਵੇਗੀ।ਯੂ.ਐੱਸ ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ ਨੇ ਇਹ ਵੀ ਸਪੱਸ਼ਟ ਕੀਤਾ ਕਿ ਡਿਪੋਰਟੇਸ਼ਨ ਦਾ ਆਮ ਡਰ, ਆਰਥਿਕ ਮੁਸ਼ਕਲਾਂ ਜਾਂ ਸਧਾਰਣ ਪਰਿਵਾਰਕ ਹਾਲਾਤ ਹੁਣ ਡੈਫਰਡ ਐਕਸ਼ਨ ਲਈ ਕਾਫ਼ੀ ਨਹੀਂ ਮੰਨੇ ਜਾਣਗੇ। ਕੇਵਲ ਕੋਈ ਇਮੀਗ੍ਰੇਸ਼ਨ ਬੇਨੀਫਿਟ ਅਰਜ਼ੀ ਲਗਾਉਣਾ ਵੀ ਇਸ ਰਾਹਤ ਲਈ ਯੋਗਤਾ ਨਹੀਂ ਬਣੇਗਾ, ਜਦ ਤੱਕ ਉਸਦਾ ਸਿੱਧਾ ਕਾਨੂੰਨੀ ਆਧਾਰ ਨਾ ਹੋਵੇ।ਏਜੰਸੀ ਨੇ ਮੰਨਿਆ ਕਿ ਪੁਰਾਣੀਆਂ ਨੀਤੀਆਂ ਹੇਠ ਕਈ ਲੋਕਾਂ ਨੇ ਨੌਕਰੀਆਂ, ਰਹਿਣ ਲਈ ਘਰ ਅਤੇ ਸਿੱਖਿਆ ਵਰਗੇ ਮਾਮਲਿਆਂ ਵਿਚ ਆਪਣੀ ਜ਼ਿੰਦਗੀ ਸੈੱਟ ਕੀਤੀ ਹੋਈ ਹੈ।

Jaspreet Singh
Attorney-At-Law
Loan Modification
Bankruptcy, Immigration, Political Asylum, Deportation, Defense, Citizenship, L-1, H-1, Family Law, Divorce
Fremont:
44790 S, GRIMMER BLVD #204, FREMONT, CA 94538
Phone: 510-657-6444, Fax: 510-657-6443
Fresno:
4491 W, Shaw Ave. Suit No. 3008 (Near Costco), Fresno, CA 93722
Phone: 599-271-5511

RE/MAX EXECUTIVE
ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ।
Kirandeep Kaur
Realtor ®
Contact : Cell (209) 550-1704
220 - A Standiford Ave, Modesto, CA 95350, kkaur@mycvre.com

Space availabe for Ad
Contact #
+1 (209) 303-1260

Law Offices of
Ashwani K.Bhakhri
1299 Bayshore Hwy Suite 208
Burlingame, CA 94010
ਸੜਕ ਹਾਦਸਾ ਹੋਣ ਜਾਂ ਕਿਸੇ ਟਰੱਕ ਨਾਲ ਹਾਦਸਾ ਹੋਣ ਜਾਂ ਕੰਮ ਦੌਰਾਨ ਸੱਟ ਲੱਗਣ 'ਤੇ ਵਰਕਰ ਮੁਆਵਜ਼ਾ ਲੈਣ ਲਈ ਵਕੀਲ ਦੀ ਲੋੜ ਹੋਵੇ ਤਾਂ ਸਾਡੇ ਨਾਲ ਸੰਪਰਕ ਕਰੋ
ਤੁਸੀਂ ਆਪਣੇ ਇਮੀਗ੍ਰੇਸ਼ਨ ਦੇ ਕੇਸਾਂ ਬਾਰੇ ਵੀ ਸਾਡੇ ਤੋਂ ਸੇਵਾਵਾਂ ਲੈ ਸਕਦੇ ਹੋ
(650) 685-6334
(916) 379-9700
(209) 666-4220
Ashwani Kumar Bhakhri
Attorney at Law
www.bhakhrilawfirm.us
bhakhrilawfirm@gmail.com

LAMBA VIDEO
★ Weddings ★ Birthdays ★ Photo Shoots
HD Quality
Wedding Videos
Pre Wedding
Shoots
Packages fit to your budget
Contact: Barjesh 209-541-0641
Email: lambavideoproduction@yahoo.com

Space availabe for Ad
Contact #
+1 (209) 303-1260

THE JRP GROUP
A Tradition of Real Estate Excellence
SERVING CALIFORNIA FOR RESIDENTIAL REAL ESTATE NEEDS
ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ
Simranveer Singh
Realtor
The JRP Group
Ph: (414) 551-0530
DRE #02114137

Pal Films Production
All Your Photo/Videography & Post Production needs Under One Roof
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
Full Photo & Videography studio with Green Screen/Blue Screen
(925) 489-3400, (341) 356-1517
palfilms925@gmail.com
www.thepalfilms.com

# JRP REALTY GROUP

A TRADITION OF REAL ESTATE EXCELLENCE

## SERVING CALIFORNIA FOR COMMERCIAL REAL ESTATE NEEDS




Specializing in all Types of Commercial Proprtries

**Gas Stations, Apartments, Commercial Buildings, Liquor stores and Land**

CALL TODAY TO BUY/SELL YOUR REAL ESTATE/ BUSINESS

**Jaswant S.Pannu**
Office: 209-900-1994
Cell: 408-340-0157
jaswantpannu@yahoo.com

**Raman Singh**
Cell: 209-605-6500
Office: 209-213-5811
BRE #10889002

We provide the best in class evaluation for your real estate/business to maximize the profits for you

We do commercial loans for businesses, gas stations, lands and commercial properties




For more properties or business, contact us.



# LENDINGASSETS

Elevating Your Mortgage Experience

## Home Loan ਘਰਾਂ ਦੇ ਲੋਨ

- ★ ਸਾਡੇ ਕੋਲ ਹਰ ਤਰ੍ਹਾਂ ਦੇ ਲੋਨ ਪ੍ਰੋਡਕਟ ਹਨ, ਜੋ ਕਿ ਤੁਹਾਨੂੰ ਘਰ ਲੈਣ ਵਿਚ ਮਦਦ ਕਰਦੇ ਹਨ
- ★ ਅਸੀਂ Homes, Condos, Duplexes, Triplexes ਅਤੇ Fourplexes 'ਤੇ ਲੋਨ ਦਿੰਦੇ ਹਾਂ

- ★ Minimun credit score 580
- ★ Short sales/Foreclosures/Bankruptcy No problem
- ★ FHA, conventional and ARM loans
- ★ Hard Money Loans
- ★ Second Mortgage
- ★ High Balance and Jumbo loans
- ★ "Second Mortgage" with Equity line of Credit
- ★ Refinance
- ★ Refinance/Cash out ਵੀ ਕਰਦੇ ਹਾਂ ਜੇਕਰ ਤੁਹਾਨੂੰ ਪੈਸੇ ਦੀ ਜਰੂਰਤ ਹੈ


EQUAL HOUSING OPPORTUNITY

**LOVEPREET KAUR**
NMLS #1473924
Office: 209-900-1994
209-497-4588
lkaur@lendingassets.com

24 ਘੰਟਿਆਂ 'ਚ Pre-Approvals ਪ੍ਰਾਪਤ ਕਰੋ

ਪ੍ਰੀ ਅਪਰੂਵਲ ਜਾਂ ਰੀ-ਫਾਈਨਾਂਸ ਲਈ ਅੱਜ ਹੀ ਕਾਲ ਕਰੋ

**Refinance @2.75% APR or lower**



**Apply online at www.lendingassets.com and check out the live lowest rates on our website**




# NAV INDIAN MERCHANDISE GROCERY STORE

**3230 MITCHELL ROAD, STE, C, CERES, CA 95307**







ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ, ਪਾਕਿਸਤਾਨੀ ਤੇ ਫਰੋਜ਼ਨ ਗਰੌਸਰੀ ਦੀ।

**ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਸਜਾਵਟ ਦਾ ਸਮਾਨ**

**ਇੱਕ ਵਾਰ Visit ਜ਼ਰੂਰ ਕਰੋ।**

Ria MONEY TRANSFER

**INDIA ਪੈਸੇ ਭੇਜਣ ਲਈ**

**RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ**







**Contact Number**

**+1 (209) 537-5702**

ਸਾਂਝੀ ਸੋਚ SANJHI SOCH swzJI soc

www.sanjhisoch.com

**PATTRON**: HARJIT BASI

**MANAGEMENT**



**PRESIDENT & CHIEF EDITOR**
**BOOTA SINGH BASI**

**SUB EDITOR (CHICAGO, IL OFFICE)**
**LOVJYOT VIRDI**

**GENERAL MANAGER**
**RAVINDER SINGH DHILLON**

**RESIDENT EDITOR (INDIA)**
**DR. RAJINDER RIKHI**

**DISCLAIMER**

ਸਾਂਝੀ ਸੋਚ ਵਿਚ ਛਪੇ ਕਿਸੇ ਵੀ ਇਸ਼ਤਿਹਾਰ ਵਿਚ ਕੀਤੇ ਦਾਅਵਿਆਂ ਬਾਰੇ ਸਾਂਝੀ ਸੋਚ ਦੀ ਮੈਨੇਜਮੈਂਟ ਅਤੇ ਸੰਪਾਦਕਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਹੈ। ਇਸ਼ਤਿਹਾਰਾਂ ਵਾਲੀਆਂ ਕੰਪਨੀਆਂ ਨਾਲ ਲੈਣ-ਦੇਣ ਵਾਲੇ ਵਿਅਕਤੀ ਖੁਦ ਜ਼ਿੰਮੇਵਾਰ ਹੋਣਗੇ। ਸਾਂਝੀ ਸੋਚ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਸਾਂਝੀ ਸੋਚ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

DISPUTES ARE SUBJECT TO SUPERIOR COURTS OF STANISLAUS COUNTY OF CALIFORNIA, USA

**SANJHI SOCH**

DAILY NEWSPAPER

2601 Oakdale Road, Suite H2-167 Modesto, CA 95355 USA

Cell: (209) 303-1260

Email: info@sanjhisoch.com

Visit at: www.sanjhisoch.com

# ਦੇਸ਼ ਦੇ ਲੋਕੋ, ਜਾਗੋ।ਜਾਗੋ॥ ਭਾਰਤੀ ਜਨਤਾ ਪਾਰਟੀ ਦੀ ਨਰਿੰਦਰ ਮੋਦੀ ਦੀ ਸਰਕਾਰ ਦੇਸ਼ ਵਿੱਚ 'ਲੋਕਤੰਤਰ' ਦਾ ਭੋਗ ਪਾ ਕੇ 'ਕੱਟੜ ਹਿੰਦੂ ਤਾਨਾਸ਼ਾਹੀ' ਦਾ ਰਾਜ ਸਥਾਪਤ ਕਰ ਰਹੀ ਹੈ

SANJHI SOCH
ਜੰਗ ਸਿੰਘ ਮਰਸੱਡ (ਅਮਰੀਕਾ)
+1 415 603 7380



ਦੇਸ਼ ਦੇ ਲੋਕੋ ਜਾਗੋ।ਜਾਗੋ॥ ਜਰਾ ਯਾਦ ਕਰੋ ਕਿ 2014 ਦੀਆਂ ਲੋਕ ਸਭਾ ਚੋਣਾਂ ਵਿੱਚ ਉਸ ਵੇਲੇ ਦੇ ਭਾਰਤੀ ਜੰਨਤਾ ਪਾਰਟੀ ਵਲੋਂ ਬਣਾਏ ਲੀਡਰ ਸ੍ਰੀ ਨਰਿੰਦਰ ਮੋਦੀ ਨੇ ਚੋਣ ਜਲਸਿਆਂ ਵਿੱਚ ਦੇਸ਼ ਦੇ ਲੋਕਾਂ ਨੂੰ ਕੀ ਕੀ ਭਾਸ਼ਣ ਦਿੱਤੇ ਸਨ ਜਰਾ ਉਸ ਨੂੰ ਫਰੋਲ ਕੇ ਵੇਖਿਓ ਕਿ ਉਦੋਂ ਲੋਕਾਂ ਨੂੰ ਆਖਿਆ ਕੀ ਸੀ ਤੇ ਹੁਣ ਪਿਛਲੇ ਸਮੇਂ ਤੋਂ ਕੀ ਕੁਝ ਕੀਤਾ ਜਾਂਦਾ ਆ ਰਿਹਾ ਹੈ? ਤੁਹਾਨੂੰ ਯਾਦ ਹੋਵੇਗਾ ਕਿ ਇਹੀ ਸ੍ਰੀ ਨਰਿੰਦਰ ਮੋਦੀ ਸਨ ਜੋ ਪਿਛਲੇ 11 -12 ਸਾਲਾਂ ਤੋਂ ਭਾਰਤ ਦਾ ਪ੍ਰਧਾਨ ਮੰਤਰੀ ਚਲੇ ਆ ਰਹੇ ਹਨ ਇਨਾਂ ਨੇ ਮੋਟੇ ਤੌਰਤੇ ਲੋਕਾਂ ਨਾਲ ਜਨਤਕ ਤੌਰਤੇ ਕਈ ਵਾਅਦੇ ਕੀਤੇ ਸਨ ਕਿ 'ਦੇਸ਼ ਦੇ ਲੋਕੋ ਤੁਸੀ ਸਾਡੀ ਸਰਕਾਰ ਬਣਾਓ' ਅਸੀਂ ਹਰ ਸਾਲ ਦੇਸ਼ ਦੇ ਨੌਜੁਆਨਾਂ ਨੂੰ 2 ਕਰੋੜ ਰੁਜਗਾਰ ਦੇਵਾਂਗੇ ,ਦੇਸ਼ ਦੇ ਲੀਡਰਾਂ ਦਾ ਬਿਦੇਸ਼ਾਂ ਦੇ ਬੈਂਕਾਂ ਵਿੱਚ ਪਿਆ ਕਾਲਾ ਧੰਨ ਭਾਰਤ ਵਿੱਚ ਲਿਆ ਕੇ ਹਰੇਕ ਪ੍ਰਿਵਾਰ ਦੇ ਬੈਂਕ ਖਾਤੇ ਵਿੱਚ 15 -15 ਲੱਖ ਰੁਪਏ ਪਾਇਆ ਜਾਵੇਗਾ , ਨਾ ਖਾਊਂਗਾ ਨਾ ਕਿਸੇ ਕੋ ਖਾਣੇ ਦੂੰਗਾ ਵਗੈਰਾ ਵਗੈਰਾ ਹੋਰ ਬੜਾ ਕੁਝ ਦੇਸ਼ ਦੇ ਲੋਕਾਂ ਨਾਲ ਮਿੱਠੀਆਂ ਮਿੱਠੀਆਂ ਮਨ ਲੁਭਾਉਣੀਆਂ ਗੱਲਾਂ ਕਰਕੇ 2014 ਵਿੱਚ ਹੋਈਆਂ ਲੋਕ ਸਭਾ ਦੀਆਂ ਚੋਣਾਂ ਜਿੱਤ ਕੇ ਦੇਸ਼ ਦੀ ਵਾਗਡੋਰ ਆਪਣੇ ਹੱਥਾਂ ਵਿੱਚ ਲੈ ਲਈ ।

ਜੋ ਕੁਝ ਭਾਰਤ ਦੇ ਬਣੇ ਇਸ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੇ ਜਿਨੇ ਵੀ ਵਾਅਦੇ ਦੇਸ਼ ਦੇ ਲੋਕਾਂ ਨਾਲ ਕੀਤੇ ਸਨ ਉਨਾਂ ਵਿੱਚੋਂ ਕਿਸੇ ਇਕ ਉਤੇ ਵੀ ਉਨਾਂ ਨੇ ਫੁੱਲ ਚੜਾਏ ਹਨ ।ਹਾਂ ਭਾਰਤ ਦੇ ਗ੍ਰਹਿ ਮੰਤਰੀ ਸ੍ਰੀ ਅਮਿਤ ਸ਼ਾਹ ਨੇ ਦੇਸ਼ ਦੇ ਲੋਕਾਂ ਕੋਲ ਇਕ ਗੱਲ ਬੜੀ ਸਪਸ਼ਟ ਕਰ ਦਿੱਤੀ ਸੀ ਕਿ ਇਹ ਤਾਂ 'ਚੁਣਾਵੀ ਜੁਮੱਲੇ' ਸਨ ।ਹੁਣ ਤੁਸੀ ਆਪ ਹੀ ਅੰਦਾਜਾ ਲਗਾ ਸਕਦੇ ਹੋ ਕਿ ਦੇਸ਼ ਦੇ ਪ੍ਰਧਾਨ ਮੰਤਰੀ ਸ੍ਰੀ ਮੋਦੀ ਅਤੇ ਭਾਰਤੀ ਜੰਨਤਾ ਪਾਰਟੀ ਨੇ ਵੀ ਦੂਸਰੀਆਂ ਪਾਰਟੀਆਂ ਦੀਆਂ ਸਰਕਾਰਾਂ ਵਾਂਗ ਇਹ ਸਰਕਾਰ ਵੀ ਉਨਾਂ ਪੂਰਨਿਆਂ ਤੇ ਚਲਦੀ ਆ ਰਹੀ ਹੈ ।ਇਸ ਰਾਜ ਵਿੱਚ ਜੋ ਕੁਝ ਵੇਖਣ ਤੇ ਸੁਣਨ ਨੂੰ ਮਿਲਿਆ ਹੈ ਤੇ ਜਿਨਾਂ ਨੂੰ ਵੱਡੀਆਂ ਵੱਡੀਆਂ ਸਹੂਲਤਾਂ ਦਿੱਤੀਆਂ ਗਈਆਂ ਤਾਂ ਉਹ ਸਿਰਫ ਤੇ ਸਿਰਫ ਅੰਬਾਨੀਆਂ ,ਅਡਾਨੀਆਂ ਤੇ ਕੁਝ ਹੋਰ ਗਿਣਤੀ ਦੇ ਵੱਡੇ ਕਾਰਪੋਰੇਟਾਂ ਨੂੰ ਹੀ ਦਿੱਤਾ ਗਿਆ ਹੈ ਦੇਸ਼ ਦੇ ਲੋਕ ਤਾਂ ਇਨਾਂ ਨੂੰ ਬਿਲਕੁਲ ਵਿੱਸਰ ਗਏ ਹਨ ।ਦੇਸ਼ ਦੇ ਲੋਕ ਇਹ ਵੀ ਚੰਗੀ ਤਰਾਂ ਜਾਣ ਗਏ ਹਨ। ਇਸ ਵੇਲੇ ਮੋਦੀ ਸਰਕਾਰ ਦਾ ਧਿਆਨ ਸਿਰਫ ਆਪਣੇ ਦੋ ਗੁਜਰਾਤੀ ਮਿੱਤਰਾਂ ਤੇ ਕੁਝ ਹੋਰ ਵੱਡੇ ਕਾਰਪੋਰੇਟਾਂ ਤੋਂ ਬਿਨਾ ਕਿਸੇ ਵੱਲ ਨਹੀਂ ਹੈ ।ਇਨਾਂ ਕਾਰਪੋਰੇਟਾਂ ਨੂੰ ਸਰਕਾਰੀ ਖੇਤਰ ਦੇ ਵੱਡੀ ਪੱਧਰ ਤੇ ਸਰਕਾਰੀ ਅਦਾਰੇ ਭੰਗ ਦੇ ਭਾੜ੍ਹੇ ਦੇ ਦਿੱਤੇ ਗਏ ਤੇ ਜਦੋਂ ਦੇ ਇਹ ਸਰਕਾਰੀ ਅਦਾਰੇ ਕਾਰਪੋਰੇਟਾਂ ਦੇ ਨਿੱਜੀ ਹੱਥਾਂ ਵਿੱਚ ਆਏ ਹਨ ਫਿਰ ਇਨਾਂ ਨੇ ਨੌਜੁਆਨਾਂ ਹੋਰ ਰੁਜਗਾਰ ਤਾਂ ਕੀ ਦੇਣਾ ਸੀ?ਜਿਹੜੇ ਨੌਜੁਆਨ ਇਨਾਂ ਫੈਕਟਰੀਆਂ ਵਿੱਚ ਕੰਮ ਕਰਦੇ ਆ ਰਹੇ ਸਨ। ਉਨਾਂ ਦੀ ਛਾਂਟੀ ਕਰਕੇ ਘਰਾਂ ਵਿੱਚ ਬਿਠਾ ਦਿੱਤਾ ਗਿਆ। ਇਸ ਤਰਾਂ ਹੋਰ ਰੁਜਗਾਰ ਤਾਂ ਕੀ ਮਿਲਣਾ ਸੀ ਬਲਕਿ ਪਹਿਲਾਂ ਕੰਮ ਕਰਦੇ ਨੌਜੁਆਨਾਂ ਨੂੰ ਵੀ ਘਰਾਂ ਵਿੱਚ ਬਿਠਾ ਕੇ ਬੇਰੁਜਗਾਰੀ ਵਿੱਚ ਭਾਰੀ ਵਾਧਾ ਕਰ ਦਿੱਤਾ ਗਿਆ। ਇਸ ਤਰਾਂ ਬੇਰੁਜਗਾਰੀ ਨੂੰ ਘਟਾਉਣਾ ਤਾਂ ਵਖਰੀ ਗੱਲ ਬਲਕਿ ਬੇਰੁਜਗਾਰੀ ਵਿੱਚ ਹੋਰ ਵਾਧਾ ਇਸ ਸਰਕਾਰ ਨੇ ਜਰੂਰ ਕਰ ਦਿੱਤਾ ਹੈ। ਇਸ ਨਰਿੰਦਰ ਮੋਦੀ ਦੀ ਸਰਕਾਰ ਦੇ ਰਾਜ ਵਿੱਚ ਨਾ ਮਹਿੰਗਾਈ ਘੱਟੀ ਨਾ ਭ੍ਰਿਸ਼ਟਾਚਾਰ ਘੱਟਿਆ ,ਹਾਂ ਵਾਧਾ ਜਰੂਰ ਹੋਇਆ ਲੋਕ ਮੂੰਹੋਂ ਮੂਹੀਂ ਜਰੂਰ ਆਖ ਰਹੇ ਹਨ ।ਜਿਥੋਂ ਤਕ ਸ੍ਰੀ ਨਰਿੰਦਰ ਮੋਦੀ ਭਾਰਤ ਦੇ ਪ੍ਰਧਾਨ ਮੰਤਰੀ ਦਾ "ਨਾ ਖਾਣੇ ਦੂੰਗਾ" ਤੇ ਝਾਤ ਮਾਰੀਏ ਤਾਂ ਤੁਸੀ ਆਪ ਹੀ ਅੰਦਾਜਾ ਲਗਾ ਸਕਦੇ ਹੋ!ਇਸ ਭਾਰਤੀ ਜੰਨਤਾ ਪਾਰਟੀ ਦੇ ਅਣਗਿਣਤ ਆਗੂ ਭ੍ਰਿਸ਼ਟਾਚਾਰ ਵਿੱਚ ਗ੍ਰਹੱਸੇ ਅਖਬਾਰਾਂ ਦਾ ਸ਼ਿੰਗਾਰ ਬਣਦੇ ਆ ਰਹੇ ਹਨ। ਇਸ ਸਰਕਾਰ ਨੇ ਜੋ ਕੁਝ ਹੁਣ ਤਕ ਕੀਤਾ ਹੈ ਤਾਂ ਉਹ ਦੇਸ਼ ਦੇ ਲੋਕ ਵੇਖਦੇ ਆ ਹੀ ਰਹੇ ਹਨ। ਹਿੰਦੂ ਮੁਸਲਿਮ ਨੂੰ ਆਪਸ ਵਿੱਚ , ਗਊ ਮਾਸ ਦੇ ਝਗੜੇ ਵਿੱਚ ਲੜਾਇਆ ਜਰੂਰ ਗਿਆ ਹੈ ।ਕਿੰਨੇ ਹੀ ਬੇਦੋਸ਼ੇ ਮੁਸਲਿਮ ਲੋਕ ਬੱਲੀ ਦੇ ਬੱਕਰੇ ਬਣਾਏ ਜਾ ਚੁੱਕੇ ਹਨ ।ਮੁਸਲਮਾਨਾਂ ਦੇ ਸੂਬਾ 'ਜੰਮੂ ਕਸ਼ਮੀਰ' ਦਾ ਨਾਮੋ ਨਿਸ਼ਾਨ ਹੀ ਮਿਟਾ ਕੇ ਰੱਖ ਦਿੱਤਾ ਹੈ । ਉਸ ਨੂੰ ਕੇਂਦਰ ਨੇ ਪਿਛਲੇ ਕਈ ਸਾਲਾਂ ਤੋਂ ਆਪਣੇ ਅਧੀਨ ਕਰ ਰਖਿਆ ਹੈ ਜੋ ਹਾਲੇ ਤਕ ਕੇਂਦਰ ਦੇ ਅਧੀਨ ਹੀ ਚਲਿਆ ਆ ਰਿਹਾ ਹੈ। ਦੇਸ਼ ਦੇ ਲੋਕ ਜਾਣ ਗਏ ਹਨ ਕਿ ਇਹ ਸਰਕਾਰ ਸਿਰਫ ਤੇ ਸਿਰਫ ਆਪਣੇ ਆਪ ਨੂੰ ਹਿੰਦੂਆਂ ਦੀ ਰਖਵਾਲੀ ਸਮਝਦੀ ਹੈ।

ਲੋਕ ਭਲੀ ਭਾਂਤ ਜਾਣ ਗਏ ਹਨ ਕਿ ਇਹ ਸਰਕਾਰ ਘੱਟ ਗਿਣਤੀਆਂ ਚਾਹੇ ਮੁਸਲਮਾਨ ਹਨ ਜਾਂ ਫਿਰ ਸਿੱਖ, ਬੋਧੀ, ਜੈਨੀ , ਈਸਾਈ ਆਦਿ ਹਨ ਇਨਾਂ ਸਭ ਦੇ ਕਟੱੜ੍ਹ ਵਿਰੋਧੀ ਹੋਣ ਦੇ ਨਾਲ ਨਾਲ ਦਲਿੱਤਾਂ ਤਾਂ ਇਨਾਂ ਨੂੰ ਫੁੱਟੀ ਅੱਖ ਨਹੀਂ ਭਾਉਂਦੇ !ਜੇ ਇਹ ਕਹਿ ਲਿਆ ਜਾਵੇ ਕਿ ਭਾਜਪਾ ਤੇ ਸਰਕਾਰ ਕੱਟੜ ਬ੍ਰਾਹਮਣੀ ਸੋਚ ਦੇ ਮੁਤਾਬਿਕ " ਮਨੂ ਸਿਮਰਤੀ" ਦੀ ਧਾਰਨੀ ਹੈ ਤਾਂ ਗਲਤ ਨਹੀਂ ਹੋਵੇਗਾ। 20 -25 ਕਰੋੜ੍ਹ ਮੁਸਲਮਾਨਾਂ ਨੂੰ ਇਨਾਂ ਨੇ ਡੰਡੇ ਦੇ ਜੋਰ ਨਾਲ ਹਰ ਹਰਬਾ ਖਰਬਾ ਵਰਤ ਕੇ ਚੁੱਪ ਕਰਾ ਦਿੱਤਾ ਹੈ ।ਇਸੇ ਸੋਚ ਨਾਲ ਇਨਾਂ ਨੇ ਤਿੰਨ ਕਿਸਾਨ ਵਿਰੋਧੀ ਕਾਲੇ ਕਾਨੂੰਨ ਲਿਆਂਦੇ ਤਾਂ ਕਿ ਪੰਜਾਬ ਦੇ ਬਹਾਦਰ ਲੋਕਾਂ ਤੇ ਵਿਸ਼ੇਸ਼ ਕਰਕੇ ਸਿੱਖਾਂ ਨੂੰ ਡਰਾ ਕੇ ਕਾਬੂ ਕੀਤਾ ਜਾਵੇ ।ਪਰ ਬਹਾਦਰ ਪੰਜਾਬੀਆਂ ਨੇ ਆਪਣੀ ਏਕਤਾ ਦਾ ਅਜਿਹਾ ਸਬੂਤ ਦਿੱਤਾ ਕਿ ਪੰਜਾਬੀਆਂਨੇ ਕੀ ਹਰਿਆਣਾ ਕੀ ਯੂ ਪੀ ਕੀ ਰਾਜਿਸਥਾਨ ਕਹਿਣ ਦਾ ਭਾਵ ਕੀ ਕਿ ਸਾਰੇ ਭਾਰਤ ਦੇ ਸਾਰੇ ਕਿਸਾਨਾਂ ਨੂੰ ਇਕਮੁੱਠ ਕਰਕੇ ਸਵਾ ਸਾਲ ਦਿੱਲੀ ਦੀਆ ਬਰੂਹਾਂ ਤੇ ਬੈਠ ਕੇ ਭਾਜਪਾ ਸਰਕਾਰ ਨੂੰ ਉਹ ਭਾਂਜ ਦਿੱਤੀ ਕਿ ਇਸੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਜਿਸ ਬਾਰੇ ਰ. ਸ.ਸ. ਇਹ ਕਹਿੰਦੀ ਨਹੀਂ ਸੀ ਥਕਦੀ ਕਿ ਮੋਦੀ ਦੇ ਮੂੰਹੋਂ ਕਹੇ ਸ਼ਬਦ ਕਦੇ ਵਾਪਸ ਨਹੀਂ ਹੁੰਦੇ !ਉਸੇ ਮੋਦੀ ਨੇ ਬਿਨਾ ਸ਼ਰਤ ਤਿੰਨੇ ਦੇ ਤਿੰਨੇ ਕਿਸਾਨ ਵਿਰੋਧੀ ਕਾਲੇ ਕਾਨੂੰਨ ਵਾਪਿਸ ਲੈਣੇ ਪਏ ਸਨ। ਪਰ ਬਾਅਦ ਵਿੱਚ ਵਕਤੀ ਤੌਰਤੇ ਕਿਸਾਨਾਂ ਨੂੰ ਆਪਸ ਵਿੱਚ ਲੜਾਉਣਾ ਸ਼ੁਰੂ ਕਰ ਦਿੱਤਾ ਸੀ ।ਉਸ ਦਾ ਨਤੀਜਾ ਕਿਸਾਨਾਂ ਨੇ ਵੇਖ ਲਿਆ ਹੈ ।ਕਿਸਾਨਾਂ ਨੇ ਮੁੜ੍ਹ ਇੱਕਠੇ ਹੋਣਾਂ ਨੂੰ ਹੀ ਬਿਹਤਰ ਸਮਝਿਆ ਹੈ। ਦੇਸ਼ ਦੇ ਲੋਕਾਂ ਨੇ ਹੁਣੇ ਹੀ ਬੰਗਾਲ ਦੀਆ ਚੋਣਾਂ ਵਿੱਚ ਭਾਜਪਾ ਵਲੋਂ ਨੱਚੇ 'ਨੰਗੇ ਤਾਂਡਵ ਨਾਚ' ਨੂੰ ਵੀ ਵੇਖ ਲਿਆ ਹੈ ।ਉਨਾਂ ਨੂੰ ਪਤਾ ਲਗ ਗਿਆ ਹੈ ਕਿ ਜਦੋਂ ਦੇਸ਼ ਵਿੱਚ ਚੋਣ ਪ੍ਰਣਾਲੀ , ਨਿਆਂ ਪ੍ਰਣਾਲੀ ਸਰਕਾਰ ਦੇ ਅਧੀਨ ਹੋ ਜਾਣ ਤਾਂ ਸਮਝੋ ਕਿ ਦੇਸ਼ ਵਿੱਚ ਲੋਕ ਤੰਤਰ ਦਾ ਭੋਗ ਪਵਾਉਣ ਦੀ ਕਵਾਇਤ ਸ਼ੁਰੂ ਹੋ ਗਈ ਹੈ ।ਭਾਜਪਾ ਸਮਝਦੀ ਹੈ ਕਿ ਜੰਮੂ ਕਸਮੀਰ , ਬੰਗਾਲ ਤੇ ਪੰਜਾਬ ਅਜਿਹੇ ਸੂਬੇ ਹਨ ਜੋ ਭਾਜਪਾ ਦੇ ਮਨਸੂਬਿਆਂ ਕਹਿਣ ਦਾ ਭਾਵ ਦੇਸ਼ ਨੂੰ 'ਹਿੰਦੂ ਰਾਸ਼ਟਰ' ਬਣਾਉਣ ਵਿੱਚ ਵੱਡੇ ਰੋੜ੍ਹੇ ਹਨ ।ਇਸੇ ਲਈ ਉਨਾਂ ਨੇ ਇਕ ਇਕ ਕਰਕੇ ਸਾਰਿਆਂ ਨੂੰ ਸਬਕ ਸਿਖਾਉਣਾ ਸ਼ੁਰੂ ਕੀਤਾ ਹੋਇਆ ਹੈ ।ਹੁਣ ਇਹ ਹੀ ਚਾਲ ਉਨਾਂ ਨੇ 'ਪੰਜਾਬ' ਦੇ ਲੋਕਾਂ ਨਾਲ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਚਲਣੀ ਹੈ ।ਇਸ ਦੀਆਂ ਗੋਂਦਾਂ ਗੁੰਦੀਆਂ ਜਾ ਰਹੀਆ ਹਨ ।ਇਥੇ ਵੀ ਬੰਗਾਲ ਵਾਗੂੰ ਹਰ ਹਰਬਾ ਖਰਬਾ ਵਰਤਿਆ ਜਾਵੇਗਾ ।ਭਾਜਪਾ ਸਮਝਦੀ ਹੈ ਕਿ ਜੇਕਰ ਉਨਾਂ ਨੇ ਪੰਜਾਬ ਦੇ ਲੋਕਾਂ ਦਾ ਕਿੱਲ੍ਹਾ ਫਤਿਹ ਕਰ ਲਿਆ ਤਾਂ ਫਿਰ ਉਹ ਆਪਣੇ ਹਰ ਫਿਰਕੂ ਮਨਸੂਬੇ ਵਿੱਚ ਸਫਲ ਹੋ ਜਾਵੇਗੀ ।

ਪੰਜਾਬ ਵਿੱਚ ਵੀ ਸਭ ਕੁਝ ਉਹ ਕੁਝ ਕੀਤਾ ਜਾਵੇਗਾ ਸ਼ਾਇਦ ਇਸ ਤੋਂ ਵੀ ਭਿਅੰਕਰ ਕਰੇ। ਪਰ ਪੰਜਾਬ ਉਹ ਸੂਬਾ ਹੈ ਜਿਥੇ ਗੁਰੂ ਸਾਹਿਬਾਨ ਦਾ ਫਲਸਫਾ ਚਲਦਾ ਆ ਰਿਹਾ ਹੈ ਇਹ ਉਹ ਪ੍ਰਾਂਤ ਹੈ ਜਿਥੇ ਸਾਰੇ ਧਰਮਾਂ ਦੇ ਲੋਕ ਸਮੇਤ ਦਲਿੱਤਾਂ ਦੇ ਸਭ ਰੱਲ ਮਿਲ ਕੇ ਪਿਆਰ ਨਾਲ ਰਹਿੰਦੇ ਆ ਰਹੇ ਹਨ ।ਇਸ ਕਰਕੇ ਹਰ ਜਾਬਰ ਚਾਹੇ ਉਹ ਸਿਕੰਦਰ ਸੀ ਜਾਂ ਫਿਰ ਅਬਦਾਲੀ ਜਾਂ ਫਿਰ ਔਰੰਗਜੇਬ ਸੀ ਪੰਜਾਬ ਦੇ ਬਹਾਦਰ ਲੋਕਾਂ ਨੇ ਸਭ ਨੂੰ ਸਬਕ ਸਿਖਾਇਆ ਹੈ ।ਅਜ ਕਲ ਦੇਸ਼ ਵਿੱਚ ਫਿਰ ਇਕ ਹੋਰ 'ਔਰੰਗਜੇਬ' ਵਰਗਾ ਆਗੂ ਨਫਰਤ ਦੇ ਬੀਜ ਬੋ ਕੇ ਵੱਖ ਵੱਖ ਰੰਗਾਂ ਦੇ 'ਫੁੱਲਾਂ ਦੇ ਗੁੱਲਦਸਤੇ' ਨੂੰ ਤਹਿਸ ਨਹਿਸ ਕਰਕੇ 'ਇਕ ਰੰਗ ਦਾ ਗੁੱਲਦਸਤਾ' ਬਣਾਉਣਾ ਚਾਹੁੰਦਾ ਹੈ ।ਪੰਜਾਬ ਜਿਸ ਬਾਰੇ ਇਹ ਆਖਿਆ ਜਾਂਦਾ ਹੈ ਕਿ ਪੰਜਾਬ ਤਾਂ 'ਗੁਰੂਆਂ ਦੇ ਨਾਂ ਤੇ ਜੀਊਂਦਾ ਹੈ'। ਇਥੇ ਲੋਕਾਂ ਵਿੱਚ ਨਫਰਤ ਦੇ ਬੀਜ ਅਸਾਨੀ ਨਾਲ ਨਹੀਂ ਬੀਜੇ ਜਾ ਸਕਦੇ। ਪੰਜਾਬ ਦੀ ਸਿਰਕੱਢ ਅਖਬਾਰ ਦੇ ਇਕ ਸੰਪਾਦਕ ਨੇ ਮੌਜੂਦਾ ਹਾਲਤਾਂ ਬਾਰੇ ਵਿਚਾਰ ਪ੍ਰਗਟ ਕੀਤੇ ਹਨ ;-

"ਅਜਾਦੀ ਆਉਂਦੀ ਤਾਂ ਨਹੀਂ ਸੀ ਦੇਖੀ, ਜਾਂਦੀ ਦੇਖ ਰਹੇ ਹਾਂ ,
ਅੱਖਾਂ ਸਾਹਮਣੇ ਆਪਣੇ ਵਤਨ ਦੀ,ਬਰਬਾਦੀ ਦੇਖ ਰਹੇ ਹਾਂ ,
ਜਮਹੂਰੀਅਤ ਦੇ ਨਾਂਅ ਤੇ ਪਰੋਸੀ ਜਾ ਰਹੀ ਹੈ ਤਾਨਾਸ਼ਾਹੀ,
ਭੁੱਲੜ ਭੀੜ ਇਸ ਦਾ ਜਸ਼ਨ ਮਨਾਉਂਦੀ ਦੇਖ ਰਹੇ ਹਾਂ,
ਲ਼ੋਕ ਤੰਤਰ ਦਾ ਚੌਥਾ ਥੰਮ ਹੁੰਦੀ ਸੀ ਕਦੇ ਸਾਡੀ ਸਹਾਫਤ,
ਹਾਕਮਾਂ ਦੀ ਸੁਰ ਨਾਲ ਸੁਰ ਮਿਲਾਉਂਦੀ ਦੇਖ ਰਹੇ ਹਾਂ,
ਸਾਮਰਾਜੀਆਂ ਦੇ ਦਲਾਲ ਬਣੇ ਬੈਠੇ ਨੇ ਵੱਡੇ ਦੇਸ਼ ਭਗਤ,
ਇਸ ਮੁਆਜਜੇ ਤੇ ਦੁਨੀਆ ਮੁਸਕਰਾਉਂਦੀ ਦੇਖ ਰਹੇ ਹਾਂ ,
ਬੁਰਾ ਵਕਤ ਹੈ ਅਜੇ ਹੋਰ ਵੀ ਆਉਣ ਵਾਲਾ ਹੈ,
ਅਸਮਾਨ ਦੀ ਗਰਦਸ਼ ਇਹ ਦਰਸਾਉਂਦੀ ਦੇਖ ਰਹੇ ਹਾਂ ।

ਦੇਸ਼ ਦੇ ਮੌਜੂਦਾ ਫਿਰਕਾਪ੍ਰਸਤ ਹਾਕਮਾਂ ਨੇ ਦੇਸ਼ ਦਾ ਸੰਵਾਰਨਾ ਤਾਂ ਕੀ ਸੀ ?ਬਲਕਿ ਦੇਸ਼ ਨੂੰ ਉਸ ਮੁਹਾਣੇ ਤੇ ਲਿਆ ਖੜ੍ਹਾ ਕੀਤਾ ਹੈ ।ਜਿਸ ਨੂੰ ਦੇਸ਼ ਦੇ ਜਮਹੂਰੀਅਤ ਨੂੰ ਦਿਲੋਂ ਪਸੰਦ ਕਰਨ ਵਾਲੇ ਲੋਕ ਹਾਕਮ ਸਰਕਾਰ ਦੀ ਚਾਲ ਨੂੰ ਭਾਂਜ ਦੇਣ ਲਈ ਆਪਣੀ ਕੋਈ ਨਾ ਕੋਈ ਯੋਜਨਾ ਜਰੂਰ ਬਣਾਉਣਗੇ ।ਅਸਾਰ ਨਜਰ ਆ ਰਹੇ ਹਨ ਭਾਵੇਂ ਦੇਸ਼ ਦਾ ਲੋਟੂ ਟੋਲਾ ਜਿਸ ਦੀ ਪਾਰਟੀ ਭਾਵੇਂ ਕੁਝ ਵੀ ਹੋਵੇ ਉਸ ਨੇ ਗੱਦੀ ਹਾਸਲ ਕਰਨ ਤੇ ਧੰਨ ਕਮਾਉਣ ਦੀ ਸੋਚ ਅਧੀਨ ਲੋਕ ਹਿੱਤ ਵਾਲੀਆਂ ਨਿਗਰ ਸੋਚਾਂ ਨੂੰ ਤਿਲਾਂਜਲੀ ਦੇ ਕੇ ਰੋਜਾਨਾ ਭਾਰਤੀ ਜੰਨਤਾ ਪਾਰਟੀ ਵਿੱਚ ਸ਼ਾਮੂਲੀਅਤ ਕਰ ਰਹੇ ਹਨ ।ਉਹ ਸਮਝਦੇ ਹਨ ਕਿ 2027 ਦੀਆ ਚੋਣਾਂ ਵਿੱਚ ਪੰਜਾਬ ਦੇ ਲੋਕ ਉਨਾਂ ਨੂੰ ਸਫਲਤਾ ਦੀ ਪੌੜ੍ਹੀ ਤੇ ਚਾੜ੍ਹਣਗੇ ਪਰ ਪੰਜਾਬ ਦੇ ਬਹਾਦਰ ਸੂਰਮੇ ਇਨਾਂ ਮਤਲਬੀ ਕਿਸਮ ਦੇ ਲੋਕਾਂ ਨੂੰ ਚੋਣਾਂ ਵਿੱਚ ਮੂਦੜ੍ਹੇਮੂੰਹ ਧੜੱਮ ਕਰਕੇ ਧਰਤੀ ਤੇ ਜਰੂਰ ਪਟੱਕਣਗੇ। ਇਹ ਹੀ ਪੰਜਾਬ ਦਾ ਮੁੱਢਲਾ ਇਤਿਹਾਸ ਚਲਦਾ ਆ ਰਿਹਾ ਹੈ ਇਸ ਤੇ ਉਹ ਹੁਣ ਵੀ ਜਰੂਰ ਪਹਿਰਾ ਦੇਣਗੇ ਜੇਕਰ ਪੰਜਾਬੀਆਂ ਨੂੰ ਜਾਬਰ ਤੋਂ ਜਾਬਰ ਹਾਕਮ ਨਹੀਂ ਹਰਾ ਸਕੇ ਤਾਂ ਇਹ ਭਾਜਪਾ ਵਾਲੇ ਕਿਹੜੇ ਏਡੀ ਵੱਡੀ ਹਸਤੀ ਹਨ ।ਜਿਨਾਂ ਦੇ ਪੈਰ ਤਾਂ ਪਹਿਲਾਂ ਹੀ ਰੇਤ ਤੇ ਉਸੱਰੇ ਹੋਏ ਹਨ। ਪੰਜਾਬੀਓ , ਜਾਗੋ ।ਜਾਗੋ॥ ਦੇਸ਼ ਤੁਹਾਡੇ ਵੱਲ ਆਪਣੀਆ ਨਜਰਾਂ ਟਿਕਾਈ ਬੈਠਾ ਹੈ ।ਹਾਲੇ ਚੋਣਾਂ ਨੂੰ ਕੁਝ ਸਮਾਂ ਰਹਿੰਦਾ ਹੈ ਪੰਜਾਬ ਦੇ ਅਣਖੀਲੇ ਯੌਧਿਓ ! ਦੇਸ਼ ਦੇ ਮੌਜੂਦਾ ਹਾਕਮ ਤੁਹਾਨੂੰ ਆਪਸ ਵਿੱਚ ਲੜਾਉਣ ਦਾ ਹਰ ਸੰਭਵ ਯਤਨ ਕਰਨਗੇ ।ਇਸ ਕਰਕੇ ਤੁਸੀ ਆਪਣੇ ਸਾਰੇ ਗੁੱਸੇ ਗਿੱਲੇ ਭੁੱਲਾ ਕੇ ਇਕ ਮੁੱਠ ਹੋ ਜਾਓ। ਪੰਜਾਬ ਦੀਆਂ ਸਮੂਹ ਰਾਜਨੀਤਕ ਪਾਰਟੀਆਂ ਦੇ ਈਮਾਨਦਾਰ ਲੀਡਰੋ, ਕਿਸਾਨ ਆਗੂਓ, ਮੁਲਾਜਮ ਜਥੇਬੰਦੀਆਂ ਵਿਦਿਆਰਥੀ ਜਥੇਬੰਦੀਆਂ, ਇਸਤਰੀ ਜਥੇਬੰਦੀਆਂ, ਨੌਜੁਆਨ ਜਥੇਬੰਦੀਆ ਚਾਹੇ ਸ਼ਹਿਰਾਂ ਦੀਆ ਹਨ ਜਾਂ ਫਿਰ ਪਿੰਡਾਂ ਦੀਆਂ ਖੇਡ ਜਥੇਬੰਦੀਆਂ ਹਨ ਸਭ ਨੂੰ ਇਕ ਮੁੱਠ ਹੋ ਕੇ ਪੰਜਾਬ ਦੇ ਨਾਲ ਨਾਲ ਦੇਸ਼ ਨੂੰ ਬਚਾਉਣਾ ਪੈਣਾ ਹੈ ਤਾਂ ਹੀ ਅਸੀ ਕਹਿ ਸਕਾਂਗੇ ਕਿ ਪੰਜਾਬ ਦੇ ਲੋਕ ਤਾਂ ਸੱਚ ਮੁੱਚ ਨਿਵੇਕਲੀ ਤਬੀਅਤ ਦੇ ਮਾਲਕ ਹਨ। ਪੰਜਾਬੀ ਦੇ ਸਿਰਕੱਢ ਕਵੀ ਪ੍ਰੋ ਪੂਰਨ ਸਿੰਘ ਪੰਜਾਬੀਆਂ ਦੇ ਸੁਭਾਓ ਬਾਰੇ ਬਿਆਨ ਕਰਦੇ ਕਹਿੰਦੇ ਹਨ ਕਿ :-

'ਪਿਆਰ ਨਾਲ ਇਹ ਕਰਨ ਗੁਲਾਮੀ,
ਜਾਨ ਕੋਹ ਆਪਣੀ ਵਾਰ ਦੇਂਦੇ ,
ਪਰ ਟੈਂ ਨਾ ਮੰਨਣ ਕਿਸੇ ਦੀ ,
ਖਲੋ ਜਾਣ ਡਾਂਗਾਂ ਮੋਢੇ ਤੇ ਉਲਾਰ ਕੇ ।

ਪੰਜਾਬੀਓ , 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਦਾ ਵਧੀਆ ਮੌਕਾ ਹੈ ਕਿ ਅਸੀ ਆਪਣੀ ਪਹਿਲੀ ਤੇ ਮੁੱਢਲੀ ਜਿੰਮੇਵਾਰੀ ਸਮਝਦੇ ਹੋਏ ਹਿੱਟਲਰ ਤੇ ਮਸੋਲੀਨੀ ਦੀ ਸੋਚ ਨੂੰ ਮੁੜ੍ਹ ਦੇਸ਼ ਵਿੱਚ ਉਭੱਰਣ ਨਹੀਂ ਦੇਵਾਂਗੇ।

**Information in Public Interest**

To listen to **Dr.Gurdip Singh Sandhu** health education lecture series, go to https://youtu.be/-DUhK3cACEU, Sabrangstation.com ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 AM ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

Contact:(408) 687-1899, (925) 587-1148

# MANI GREWAL

## STANISLAUS COUNTY | DISTRICT 4
## SUPERVISOR

ਸਤ ਸ੍ਰੀ ਅਕਾਲ ਜੀ

**Stanislaus County Supervisor District-4**
ਦੀ ਸੀਟ ਵਾਸਤੇ 2026 ਲਈ ਮਨੀ ਗਰੇਵਾਲ ਦੋਬਾਰਾ ਚੋਣ ਲੜਨ ਲਈ ਖੜੇ ਹੋਣ ਜਾ ਰਹੇ ਹਨ ਮਨੀ ਗਰੇਵਾਲ ਨੇ ਦਸੰਬਰ 2020 ਵਿੱਚ County Supervisor ਦਾ ਅਹੁਦਾ ਸੰਭਾਲਿਆ ਸੀ ਅਤੇ ਦੋਬਾਰਾ ਲੋਕਾਂ ਵਲੋਂ ਚੁਣ ਕੇ 2023 ਵਿੱਚ ਫਿਰ ਇਕ ਵਾਰ ਇਸ ਅਹੁਦੇ ਤੇ ਬਰਕਾਰ ਰਹੇ



4 ਸਾਲ ਦੀ ਟਰਮ ਪੂਰੀ ਹੋਣ ਤੇ 2026 ਦੇ ਜੂਨ ਮਹੀਨੇ ਦੀਆਂ ਪ੍ਰਾਇਮਰੀ ਚੋਣਾਂ ਲਈ ਓਸੇ ਹੀ District-4 ਤੋਂ ਦੋਬਾਰਾ ਮਨੀ ਗਰੇਵਾਲ ਚੋਣ ਲੜਨ ਲਈ ਖੜੇ ਹੋ ਰਹੇ ਹਨ।
ਪਿਛਲੇ 5 ਸਾਲਾਂ ਵਿੱਚ ਮਨੀ ਗਰੇਵਾਲ ਨੇ ਬਹੁਤ ਹੀ ਮਿਹਨਤ ਅਤੇ ਲਗਨ ਨਾਲ ਆਪਣੇ District ਦੇ ਲੋਕਾਂ ਦੀ ਸੇਵਾ ਕੀਤੀ ਹੈ
ਕਈ ਅਹਿਮ ਪ੍ਰੋਜੈਕਟਾਂ ਨੂੰ ਸਿਰੇ ਚਾੜ੍ਹਿਆ ਅਤੇ ਹੁਣ ਵੀ ਕਈ ਨਵੇਂ ਪ੍ਰੋਜੈਕਟਾਂ ਦੇ ਉੱਤੇ ਕੰਮ ਕਰ ਰਹੇ ਹਨ ਤਾਂ ਕਿ Stanislaus County Supervisor District-4 ਦੇ ਲੋਕਾਂ ਦੀ ਵੱਧ ਤੋਂ ਵੱਧ ਮਦਦ ਹੋ ਸਕੇ ਅਤੇ ਉਹਨਾਂ ਨੂੰ ਨਵੀਆਂ-ਨਵੀਆਂ ਸਹੂਲਤਾਂ ਦਿੱਤੀਆਂ ਜਾ ਸਕਣ।
ਮਨੀ ਗਰੇਵਾਲ ਇਕ ਵਧੀਆ ਅਤੇ ਮਿਹਨਤੀ ਪਰਿਵਾਰ ਨਾਲ ਸਬੰਧ ਰੱਖਦਾ ਹੈ ਮਨੀ ਗਰੇਵਾਲ ਨੇ




Business Administration ਵਿੱਚ
Bachelor of Science ਦੀ ਡਿਗਰੀ ਹਾਸਿਲ ਕੀਤੀ ਹੋਈ ਹੈ
ਇਸ ਤੋਂ ਵਧੀਆ ਉਮੀਦਵਾਰ ਤੁਹਾਡੇ District 4 ਲਈ ਕੋਈ ਹੋਰ ਨਹੀਂ ਹੋ ਸਕਦਾ

**ਮਨੀ ਗਰੇਵਾਲ ਵਲੋਂ ਸਾਰੇ ਭੈਣਾਂ-ਭਰਾਵਾਂ, ਬਜ਼ੁਰਗਾਂ-ਮਾਤਾਵਾਂ ਨੂੰ ਹੱਥ ਜੋੜ ਕੇ ਬੇਨਤੀ ਅਤੇ ਅਪੀਲ ਕੀਤੀ ਜਾਂਦੀ ਹੈ ਕਿ ਤੁਸੀਂ ਆਪਣਾ VOTE ਅਤੇ SUPORT ਮੈਨੂੰ ਦਿਓ**
**ਸਤ ਸ਼੍ਰੀ ਅਕਾਲ ਜੀ**

# ਅਪਰਾਧ ਸੁਲਝਾਉਣ ਤੋਂ ਲੈ ਕੇ ਅਪਰਾਧੀਆਂ 'ਤੇ ਨਜ਼ਰ ਰੱਖਣ ਤੱਕ ਪੰਜਾਬ ਪੁਲਿਸ ਲਈ ਆਧੁਨਿਕ ਹਥਿਆਰ ਬਣਿਆ 'ਇੰਟੀਗ੍ਰੇਟਿਡ ਕਮਾਂਡ ਐਂਡ ਕੰਟਰੋਲ ਸੈਂਟਰ'

ਜਲੰਧਰ
ਸਾਂਝੀ ਸੋਚ ਬਿਊਰੋ

ਪੰਜਾਬ ਪੁਲਿਸ ਵੱਲੋਂ ਸ਼ੁਰੂ ਕੀਤਾ ਗਿਆ ਅਤਿ-ਆਧੁਨਿਕ ਇੰਟੀਗ੍ਰੇਟਿਡ ਕਮਾਂਡ ਐਂਡ ਕੰਟਰੋਲ ਸੈਂਟਰ ਦੇਸ਼ ਭਰ ਵਿੱਚ ਆਧੁਨਿਕ ਪੁਲਿਸਿੰਗ ਦੇ ਨਵੇਂ ਮਾਪਦੰਡ ਸਥਾਪਿਤ ਕਰ ਰਿਹਾ ਹੈ। ਅਪਰਾਧੀਆਂ ਦੀਆਂ ਗਤੀਵਿਧੀਆਂ 'ਤੇ ਨਜ਼ਰ ਰੱਖਣ ਤੋਂ ਲੈ ਕੇ ਉਪਦ੍ਰਵੀਆਂ ਨੂੰ ਕਾਬੂ ਕਰਨ ਤੱਕ, ਪੰਜਾਬ ਪੁਲਿਸ ਹੁਣ ਆਰਟੀਫੀਸ਼ਲ ਇੰਟੈਲੀਜੈਂਸ ਅਤੇ ਆਪਣੇ ਕਰਮਚਾਰੀਆਂ ਦੀ ਹਿਊਮਨ ਇੰਟੈਲੀਜੈਂਸ ਦੇ ਮਿਲਾਪ ਨਾਲ 'ਸੁਰੱਖਿਅਤ ਪੰਜਾਬ' ਦੇ ਟੀਚੇ ਨੂੰ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਹਾਸਲ ਕਰ ਰਹੀ ਹੈ। ਹਾਲ ਹੀ ਵਿੱਚ ਪੰਜਾਬ ਦੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਗੌਰਵ ਯਾਦਵ ਨੇ ਲੁਧਿਆਣਾ ਵਿੱਚ ਇੰਟੀਗ੍ਰੇਟਿਡ ਕਮਾਂਡ ਐਂਡ ਕੰਟਰੋਲ ਸੈਂਟਰ ਦਾ ਉਦਘਾਟਨ ਕੀਤਾ। ਇਸ ਪ੍ਰਾਜੈਕਟ ਤਹਿਤ ਸ਼ਹਿਰ ਦੇ 259 ਸਥਾਨਾਂ 'ਤੇ ਕਰੀਬ 1,700 ਹਾਈ-ਰੈਜ਼ੋਲੂਸ਼ਨ ਕੈਮਰੇ ਲਗਾਏ ਗਏ ਹਨ, ਜਿਸ ਨਾਲ ਦੇਸ਼ ਦੇ 'ਉਦਯੋਗਿਕ ਕੇਂਦਰ' ਵਜੋਂ ਜਾਣੇ ਜਾਂਦੇ ਇਸ ਸ਼ਹਿਰ ਦੀ ਨਿਗਰਾਨੀ ਪ੍ਰਣਾਲੀ ਹੋਰ ਮਜ਼ਬੂਤ ਹੋਈ ਹੈ। ਜਲੰਧਰ ਵੀ ਆਈਸੀਸੀਸੀ ਪ੍ਰਾਜੈਕਟ ਦੀ ਸਫਲਤਾ ਦਾ ਵੱਡਾ ਉਦਾਹਰਨ ਬਣ ਕੇ ਉੱਭਰ ਰਿਹਾ ਹੈ। ਸ਼ਹਿਰ ਭਰ ਵਿੱਚ ਲੱਗੇ 1,007 ਹਾਈ-ਰੈਜ਼ੋਲੂਸ਼ਨ ਕੈਮਰਿਆਂ ਵਾਲੇ ਇਸ ਸਰਵੇਲੈਂਸ ਨੈੱਟਵਰਕ ਨੇ ਕਈ ਮਾਮਲਿਆਂ ਨੂੰ ਸੁਲਝਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਭਾਰਗਵ ਕੈਂਪ ਸਥਿਤ ਇੱਕ ਜਵੈਲਰੀ ਦੁਕਾਨ ਵਿੱਚ ਹੋਈ 1 ਕਰੋੜ ਰੁਪਏ ਦੇ ਸੋਨੇ ਅਤੇ 2 ਲੱਖ ਰੁਪਏ ਨਕਦ ਦੀ ਹਥਿਆਰਬੰਦ ਲੁੱਟ ਦੇ ਮਾਮਲੇ ਵਿੱਚ ਆਈਸੀਸੀਸੀ ਨੇ ਦੋਸ਼ੀਆਂ ਦੀ ਗਤੀਵਿਧੀ ਦੀ ਪੁਨਰ-ਰਚਨਾ ਕਰਨ ਵਿੱਚ ਮਦਦ ਕੀਤੀ। ਆਈਸੀਸੀਸੀ ਦੀ ਮਦਦ ਨਾਲ ਪੁਲਿਸ ਨੇ ਇਕੱਠੇ 12 ਜੰਕਸ਼ਨਾਂ ਦੀ ਫੁਟੇਜ ਨੂੰ ਸਿੰਕ੍ਰੋਨਾਈਜ਼ ਕੀਤਾ ਅਤੇ ਸ਼ਹਿਰ ਦੀਆਂ ਗਲੀਆਂ ਰਾਹੀਂ ਦੋਸ਼ੀਆਂ ਦੇ ਭੱਜਣ ਦੇ ਰਸਤੇ ਨੂੰ ਟ੍ਰੈਕ ਕਰਕੇ ਉਨ੍ਹਾਂ ਦਾ ਠਿਕਾਣਾ ਲੱਭਿਆ ਅਤੇ ਚੋਰੀ ਕੀਤੀ ਗਈ ਜਾਇਦਾਦ ਬਰਾਮਦ ਕੀਤੀ।

ਸਾਬਕਾ ਮੰਤਰੀ ਅਤੇ ਭਾਜਪਾ ਨੇਤਾ ਮਨੋਰੰਜਨ ਕਾਲੀਆ ਦੇ ਘਰ 'ਤੇ ਹੋਏ ਗ੍ਰਨੇਡ ਹਮਲੇ ਦੀ ਜਾਂਚ ਵਿੱਚ ਵੀ ਆਈਸੀਸੀਸੀ ਨੇ ਡਿਜ਼ੀਟਲ ਸਬੂਤਾਂ ਨੂੰ ਜੋੜਨ ਵਿੱਚ ਵੱਡੀ ਭੂਮਿਕਾ ਨਿਭਾਈ। ਜਾਂਚਕਰਤਿਆਂ ਨੇ ਘਟਨਾ ਸਥਾਨ ਤੋਂ ਜਲੰਧਰ ਰੇਲਵੇ ਸਟੇਸ਼ਨ ਤੱਕ ਸ਼ੱਕੀ ਵਿਅਕਤੀਆਂ ਦੀਆਂ ਗਤੀਵਿਧੀਆਂ ਦਾ ਵਿਜ਼ੂਅਲ ਟ੍ਰੇਲ ਤਿਆਰ ਕੀਤਾ। ਸ਼ੱਕੀ ਵਿਅਕਤੀ ਦੀ ਆਖਿਰਕਾਰ ਫੁਟੇਜ ਰਾਹੀਂ ਪਛਾਣ ਕੀਤੀ ਗਈ ਅਤੇ ਉਸਦੇ ਭੱਜਣ ਦੌਰਾਨ ਕੀਤੇ ਗਏ 3,500 ਦੇ ਆਨਲਾਈਨ ਲੈਣ-ਦੇਣ ਦੇ ਆਧਾਰ 'ਤੇ ਚਾਰ ਰਾਜਾਂ ਵਿੱਚ ਉਸਦੀ ਟਰੇਸਿੰਗ ਕੀਤੀ ਗਈ, ਜਿਸ ਦੇ ਨਤੀਜੇ ਵਜੋਂ ਉਸਨੂੰ ਦਿੱਲੀ ਵਿੱਚ ਗ੍ਰਿਫ਼ਤਾਰ ਕਰ ਲਿਆ ਗਿਆ।

ਹਾਈ-ਰੈਜ਼ੋਲੂਸ਼ਨ ਟ੍ਰੈਕਿੰਗ ਕੈਮਰਿਆਂ ਨੇ ਵੀ ਬਿਹਤਰ ਤਾਲਮੇਲ ਸਥਾਪਿਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਸੰਤੋਖਪੁਰਾ ਫਾਇਰਿੰਗ ਮਾਮਲੇ ਵਿੱਚ ਕੁੱਝ ਹਮਲਾਵਰਾਂ ਨੇ ਇੱਕ ਵੈਟਰਨਰੀ ਡਾਕਟਰ ਦੇ ਘਰ 'ਤੇ ਲਗਭਗ 12 ਗੋਲੀਆਂ ਚਲਾਈਆਂ। ਹਾਈ-ਰੈਜ਼ੋਲੂਸ਼ਨ ਕੈਮਰਿਆਂ ਵਿੱਚ ਇੱਕ ਦੋਸ਼ੀ ਗੋਲੀਬਾਰੀ ਦੀ ਵੀਡੀਓ ਬਣਾਉਂਦਾ ਅਤੇ ਦੂਜਾ ਫਾਇਰਿੰਗ ਕਰਦਾ ਕੈਦ ਹੋਇਆ। ਆਈਸੀਸੀਸੀ ਪ੍ਰਣਾਲੀ ਦੀ ਮਦਦ ਨਾਲ, ਸਰਕਾਰੀ ਆਈਸੀਸੀਸੀ ਗ੍ਰਿਡ ਅਤੇ ਸਥਾਨਕ ਨਿੱਜੀ ਸੀਸੀਟੀਵੀ ਕੈਮਰਿਆਂ ਦੇ ਤਾਲਮੇਲ ਰਾਹੀਂ ਮਹੱਤਵਪੂਰਨ ਵਿਜ਼ੂਅਲ ਸਬੂਤ ਇਕੱਠੇ ਕੀਤੇ ਗਏ। ਇਸ ਆਧਾਰ 'ਤੇ ਵਿਜ਼ੂਅਲ ਮਾਰਕਰ ਤਿਆਰ ਕੀਤੇ ਗਏ, ਜਿੰਨ੍ਹਾਂ ਦੀ ਮਦਦ ਨਾਲ ਜਾਂਚ ਟੀਮਾਂ ਨੇ ਮੁੱਖ ਨਿਗਰਾਨੀ ਰੂਟਾਂ ਰਾਹੀਂ ਸ਼ੱਕੀਆਂ ਦੀ ਪਿਛਲੇ ਪਾਸੇ ਤੱਕ ਪਛਾਣ ਕਰ ਲਈ।

ਜਾਂਚ ਤੋਂ ਬਾਅਦ ਦੋ ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਦੋ ਹਥਿਆਰ ਬਰਾਮਦ ਕੀਤੇ ਗਏ। ਇੱਕ ਹੋਰ ਮਾਮਲੇ ਵਿੱਚ ਆਮ ਆਦਮੀ ਪਾਰਟੀ ਦੇ ਨੇਤਾ ਸਤਵਿੰਦਰਪਾਲ ਸਿੰਘ 'ਲੱਕੀ' ਓਬਰੌਇ ਦੀ ਮੌਤ ਤੋਂ ਬਾਅਦ ਆਈਸੀਸੀਸੀ ਨੇ ਰਿਕਗਨਿਸ਼ਨ ਐਨਾਲਿਸਿਸ ਰਾਹੀਂ ਜਾਂਚ ਵਿੱਚ ਮਦਦ ਕੀਤੀ। ਸੀਸੀਟੀਵੀ ਫੁਟੇਜ ਨੇ ਇੱਕ ਕਾਲੇ ਹੁੱਡੀ ਵਾਲੇ ਹਥਿਆਰਬੰਦ ਵਿਅਕਤੀ ਅਤੇ ਉਸਦੇ ਸਾਥੀ ਨੂੰ ਕਾਲੇ ਦੋ-ਪਹੀਆ ਵਾਹਨ 'ਤੇ ਸਪੱਸ਼ਟ ਤੌਰ 'ਤੇ ਦਰਸਾਇਆ। ਇਸ ਪਛਾਣ ਨੂੰ ਗੈਂਗ ਦੀ ਜ਼ਿੰਮੇਵਾਰੀ ਦੇ ਡਿਜ਼ਿਟਲ ਨਿਗਰਾਨੀ ਡਾਟਾ ਨਾਲ ਮਿਲਾਇਆ ਗਿਆ, ਜਿਸ ਤੋਂ ਬਾਅਦ ਮੁੱਖ ਸ਼ੱਕੀਆਂ ਦੇ ਨਾਮ ਪੁਲਿਸ ਰਿਪੋਰਟ ਵਿੱਚ ਦਰਜ ਕੀਤੇ ਗਏ।

ਉੱਚ-ਗੁਣਵੱਤਾ ਵਾਲੀ ਪਛਾਣ ਦੀ ਮਦਦ ਨਾਲ ਵੈਸਟਰਨ ਯੂਨੀਅਨ ਕੈਸ਼ ਲੁਟ ਮਾਮਲੇ ਦੀ ਜਾਂਚ ਕੀਤੀ ਗਈ, ਜਿਸ ਵਿੱਚ ਹਰਨਾਮਦਾਸ ਪੁਰਾ ਸਥਿਤ ਇੱਕ ਟਰੈਵਲ ਸ਼ਾਪ ਤੋਂ ਕੁਝ ਨਕਾਬਪੋਸ਼ ਵਿਅਕਤੀਆਂ ਨੇ 1.08 ਲੱਖ ਦੀ ਲੁੱਟ ਕੀਤੀ ਸੀ। ਭਾਵੇਂ ਸ਼ੱਕੀ ਨਕਾਬਪੋਸ਼ ਸਨ, ਪਰ ਉੱਚ-ਤਕਨੀਕੀ ਕੈਮਰਿਆਂ ਨੇ ਉਨ੍ਹਾਂ ਦੇ ਦੁਕਾਨ ਵਿੱਚ ਦਾਖ਼ਲੇ ਅਤੇ ਬਾਹਰ ਨਿੱਕਲਣ ਦੇ ਰਸਤੇ ਸਪੱਸ਼ਟ ਤੌਰ 'ਤੇ ਰਿਕਾਰਡ ਕਰ ਲਏ। ਆਪਰੇਟਰਾਂ ਨੇ ਉਨ੍ਹਾਂ ਦੀ ਘਟਨਾ ਤੋਂ ਪਹਿਲਾਂ ਦੀਆਂ ਗਤੀਵਿਧੀਆਂ ਨੂੰ ਕਈ ਗਲੀਆਂ ਅਤੇ ਇਲਾਕਿਆਂ ਵਿੱਚ ਨਕਸ਼ਾਬੰਦੀ ਕਰਕੇ ਟਰੇਸ ਕੀਤਾ। ਜਲੰਧਰ ਵਿੱਚ ਕੁੱਲ 982 ਫਿਕਸਡ ਕੈਮਰੇ ਨਿਗਰਾਨੀ ਅਤੇ ਇਲਾਕਾਈ ਸੁਰੱਖਿਆ ਲਈ ਲਗਾਏ ਗਏ ਹਨ, ਜਦਕਿ 15 ਪੈਨ-ਟਿਲਟ-ਜ਼ੂਮ ਕੈਮਰੇ ਸਰਗਰਮ ਟ੍ਰੈਕਿੰਗ ਲਈ ਵਰਤੇ ਜਾਂਦੇ ਹਨ। 10 ਸਥਾਨਾਂ 'ਤੇ ਫੇਸ਼ਿਅਲ ਰਿਕਗਨਿਸ਼ਨ ਸਿਸਟਮ ਅਤੇ 20 ਸਥਾਨਾਂ 'ਤੇ ਵਾਈ-ਫਾਈ ਹਾਟਸਪੌਟ ਅਤੇ ਸੈਂਸਰ ਵੀ ਲਗਾਏ ਗਏ ਹਨ। ਆਈਸੀਸੀਸੀ ਆਪਰੇਟਰ 'ਰੈੱਡ ਸ਼ਰਟ', 'ਵਾਈਟ ਐਸਯੂਵੀ', ਅਤੇ ਇੱਥੋਂ ਤੱਕ ਕਿ 'ਵਹੀਕਲ ਸਪੀਡ' ਵਰਗੀਆਂ ਵਿਸ਼ੇਸ਼ਤਾਵਾਂ ਨਿਰਧਾਰਤ ਕਰਕੇ ਹਜ਼ਾਰਾਂ ਘੰਟਿਆਂ ਦੀ ਪੁਰਾਣੀ ਫੁਟੇਜ ਨੂੰ ਕੁਝ ਹੀ ਸਕਿੰਟਾਂ ਵਿੱਚ ਛਾਣ-ਬੀਣ ਕਰ ਸਕਦੇ ਹਨ।

ਇਸ ਬਾਰੇ ਡੀਜੀਪੀ ਗੌਰਵ ਯਾਦਵ ਨੇ ਕਿਹਾ,"ਸੰਗਠਿਤ ਅਪਰਾਧ ਅਤੇ ਗੈਂਗਸਟਰਾਂ ਦੇ ਖਿਲਾਫ਼ ਪੰਜਾਬ ਪੁਲਿਸ ਦੀ ਜ਼ੀਰੋ ਟੋਲਰੈਂਸ ਨੀਤੀ ਹੈ। ਜਦੋਂ ਕਿ ਫੋਰਸ ਜ਼ਮੀਨੀ ਪੱਧਰ 'ਤੇ ਅਪਰਾਧੀਆਂ ਅਤੇ ਗੈਂਗਸਟਰਾਂ ਵਿਰੁੱਧ ਸਫਲ ਕਾਰਵਾਈਆਂ ਕਰ ਰਹੀ ਹੈ, ਰਾਜ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਲਗਾਇਆ ਗਿਆ ਆਈਸੀਸੀਸੀ ਫੋਰਸ ਨੂੰ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਕੰਮ ਕਰਨ ਵਿੱਚ ਮਦਦ ਕਰ ਰਿਹਾ ਹੈ। ਪੰਜਾਬ ਪੁਲਿਸ ਅਪਰਾਧ ਦੀ ਜੜ੍ਹ ਤੱਕ ਪਹੁੰਚਣ ਦੀ ਸਮਰੱਥਾ ਰੱਖਦੀ ਹੈ ਅਤੇ ਹਾਲੀਆ ਵਿਕਾਸਾਂ ਨਾਲ ਸਾਡਾ ਮਕਸਦ ਅਪਰਾਧੀਆਂ ਨਾਲ ਨਿਪਟਣ ਵਿੱਚ ਬਿਲਕੁਲ ਸਪੱਸ਼ਟ ਹੈ।"

ਸਵੈਚਾਲਿਤ ਐਲਗੋਰਿਦਮ ਲਗਾਤਾਰ 1,000 ਤੋਂ ਵੱਧ ਫੀਡਾਂ ਨੂੰ ਸਕੈਨ ਕਰਦੇ ਹਨ ਤਾਂ ਜੋ ਪਹਿਲਾਂ ਤੋਂ ਨਿਰਧਾਰਤ ਅਸਮਾਨਤਾਵਾਂ ਦੀ ਪਛਾਣ ਕੀਤੀ ਜਾ ਸਕੇ, ਜਿਨ੍ਹਾਂ ਵਿੱਚ ਸੁਰੱਖਿਆ ਅਲਰਟ ਲਈ ਛੱਡੀ ਹੋਈ ਵਸਤੂ ਦੀ ਪਛਾਣ, ਗੈਰਕਾਨੂੰਨੀ ਇਕੱਠਾਂ ਦੀ ਪਛਾਣ ਲਈ ਭੀੜ ਬਣਨ ਦੀ ਪਛਾਣ ਅਤੇ ਕੈਮਰਾ ਤੋੜ-ਮਰੋੜ ਅਲਰਟ ਸ਼ਾਮਲ ਹਨ, ਜੋ ਤੁਰੰਤ ਮੈਨੂਅਲ ਸਮੀਖਿਆ ਨੂੰ ਟ੍ਰਿਗਰ ਕਰਦੇ ਹਨ। ਇਸ ਦੌਰਾਨ, ਪੁਲਿਸ ਕਮਿਸ਼ਨਰ (ਜਲੰਧਰ) ਧਨਪ੍ਰੀਤ ਰੰਧਾਵਾ ਨੇ ਕਿਹਾ, "ਆਈਸੀਸੀਸੀ ਨੂੰ 'ਸ਼ਹਿਰ ਦਾ ਦਿਮਾਗ' ਵਜੋਂ ਕੰਮ ਕਰਨ ਲਈ ਤਿਆਰ ਕੀਤਾ ਗਿਆ ਹੈ, ਜੋ ਮੂਲ ਡਾਟੇ (ਰਓ ਦਓਟਓ) ਨੂੰ ਕਾਰਵਾਈਯੋਗ ਖੁਫ਼ੀਆ ਜਾਣਕਾਰੀ ਵਿੱਚ ਬਦਲਦਾ ਹੈ, ਜੋ ਨਗਰ ਨਿਗਮ ਅਤੇ ਕਾਨੂੰਨ-ਵਿਵਸਥਾ ਵਿਭਾਗਾਂ ਲਈ ਲਾਭਕਾਰੀ ਹੈ। ਇਹ ਇੱਕ 'ਸਿੰਗਲ ਪੇਨ ਆਫ਼ ਗਲਾਸ ' ਡੈਸ਼ਬੋਰਡ ਦੀ ਵਰਤੋਂ ਕਰਦਾ ਹੈ, ਜੋ ਟ੍ਰੈਫਿਕ ਡੈਂਸਿਟੀ, ਕ੍ਰਾਈਮ ਹਾਟਸਪਾਟ ਅਤੇ ਮਿਊਨਿਸਪਲ ਸੈਂਸਰ ਹੈਲਥ ਨੂੰ ਇਕਰੂਪ ਘੀਸ਼-ਮੈਪਡ ਇੰਟਰਫੇਸ ਵਿੱਚ ਜੋੜਦਾ ਹੈ। ਇਸ ਨਾਲ ਪੁਲਿਸ, ਟ੍ਰੈਫਿਕ ਅਤੇ ਨਗਰ ਸੇਵਾਵਾਂ ਵਿਚਕਾਰ ਕੇਂਦਰੀਕ੍ਰਿਤ ਵਾਰ ਰੂਮ ਵਾਤਾਵਰਣ ਵਿੱਚ ਸੁਚਾਰੂ ਤਾਲਮੇਲ ਸੰਭਵ ਹੁੰਦਾ ਹੈ।"ਉਨ੍ਹਾਂ ਨੇ ਅੱਗੇ ਕਿਹਾ, " ਆਰਟੀਫੀਸ਼ਲ ਇੰਟੈਲੀਜੈਂਸ ਨੇ ਨਿਸ਼ਚਿਤ ਤੌਰ 'ਤੇ ਕੰਮ ਨੂੰ ਬਿਹਤਰ ਬਣਾਇਆ ਹੈ, ਪਰ ਮਹੱਤਵਪੂਰਨ ਗੱਲ ਇਹ ਹੈ ਕਿ ਇਸਦਾ ਸਹੀ ਤਰੀਕੇ ਨਾਲ ਇਸਤੇਮਾਲ ਕੀਤਾ ਜਾਵੇ। ਪੰਜਾਬ ਪੁਲਿਸ ਆਈਸੀਸੀਸੀ ਦੀ ਸਹੀ ਵਰਤੋਂ ਕਰਕੇ ਪੂਰਾ ਸਮਾਂ ਸਮਾਜ ਵਿਰੋਧੀ ਤੱਤਾਂ 'ਤੇ ਨਿਗਰਾਨੀ ਰੱਖਦੀ ਹੈ। ਇਹ ਅਸਲ ਵਿੱਚ ਕ੍ਰਿਤ੍ਰਿਮ ਅਤੇ ਮਨੁੱਖੀ ਬੁੱਧੀ ਦਾ ਮਿਲਾਪ ਹੈ। ਆਈਸੀਸੀਸੀ ਨੇ ਵੱਖ-ਵੱਖ ਪ੍ਰੋਜੈਕਟਾਂ ਜਿਵੇਂ 'ਗੈਂਗਸਟਰਾਂ ਤੇ ਵਾਰ', 'ਆਪਰੇਸ਼ਨ ਪ੍ਰਹਾਰ' ਅਤੇ ਹੋਰਾਂ ਨੂੰ ਮਜ਼ਬੂਤੀ ਦਿੱਤੀ ਹੈ।"

ਲੁਧਿਆਣਾ ਵਿੱਚ, ਨਵੀਂ ਤਰ੍ਹਾਂ ਸ਼ੁਰੂ ਕੀਤਾ ਗਿਆ ਆਈਸੀਸੀਸੀ ਕਈ ਯੂਨਿਟਾਂ ਨੂੰ ਇੱਕ ਛੱਤ ਹੇਠ ਇਕੱਠਾ ਕਰਦਾ ਹੈ, ਜਿਸ ਵਿੱਚ ਟ੍ਰੈਫਿਕ, ਪੁਲਿਸ ਕੰਟਰੋਲ ਰੂਮ, ਸੇਫ ਸਿਟੀ ਅਤੇ ਵਾਇਰਲੈੱਸ ਯੂਨਿਟ ਸ਼ਾਮਲ ਹਨ, ਜਿਸ ਨਾਲ ਪੁਲਿਸ ਕੰਮਕਾਜ ਵਿੱਚ ਸਹਿਯੋਗ ਅਤੇ ਤਾਲਮੇਲ ਵਿੱਚ ਵੱਡਾ ਸੁਧਾਰ ਆਇਆ ਹੈ ਅਤੇ ਪੀਸੀਆਰ ਪ੍ਰਤੀਕ੍ਰਿਆ ਸਮਾਂ 15 ਮਿੰਟ ਤੋਂ ਘਟ ਕੇ 7-8 ਮਿੰਟ ਰਹਿ ਗਿਆ ਹੈ। ਲੁਧਿਆਣਾ ਵਿੱਚ, ਆਈਸੀਸੀਸੀ ਪ੍ਰੋਜੈਕਟ ਅਧੀਨ 259 ਥਾਂਵਾਂ 'ਤੇ 1,700 ਉੱਚ-ਰੈਜ਼ੋਲੂਸ਼ਨ ਕੈਮਰੇ ਲਗਾਏ ਗਏ ਹਨ ਤਾਂ ਜੋ ਸ਼ਹਿਰ ਦੀ ਨਿਗਰਾਨੀ ਪ੍ਰਣਾਲੀ ਨੂੰ ਮਜ਼ਬੂਤ ਕੀਤਾ ਜਾ ਸਕੇ। ਇਸਦੇ ਨਾਲ ਹੀ ਇਸ ਵਿੱਚ ਇੰਟੈਲੀਜੈਂਟ ਟ੍ਰੈਫਿਕ ਮੈਨੇਜਮੈਂਟ ਵੀ ਸ਼ਾਮਲ ਹੈ, ਜੋ 46 ਵੱਖ-ਵੱਖ ਥਾਂਵਾਂ 'ਤੇ ਲਗਾਇਆ ਗਿਆ ਹੈ।

# ਬਟਾਲਾ ਦੋਹਰਾ ਕਤਲ ਕਾਂਡ: ਗੈਂਗਸਟਰ ਹੈਪੀ ਜੱਟ ਦੇ ਤਿੰਨ ਕਾਰਕੁਨ ਭੂਟਾਨ ਭੱਜਣ ਦੀ ਕੋਸ਼ਿਸ਼ ਕਰਦੇ ਸਮੇਂ ਅੰਤਰਾਸ਼ਟਰੀ ਸਰਹੱਦ ਤੋਂ ਗ੍ਰਿਫ਼ਤਾਰ

ਬਟਾਲਾ
ਸਾਂਝੀ ਸੋਚ ਬਿਊਰੋ

ਬਟਾਲਾ ਵਿਖੇ ਸਨਸਨੀਖੇਜ਼ ਦੋਹਰੇ ਕਤਲ ਕਾਂਡ ਮਾਮਲੇ ਵਿੱਚ ਵੱਡੀ ਸਫ਼ਲਤਾ ਤਹਿਤ ਪੰਜਾਬ ਪੁਲਿਸ ਨੇ ਕੇਂਦਰੀ ਏਜੰਸੀਆਂ ਨਾਲ ਇੱਕ ਸੁਚੱਜੇ ਤਾਲਮੇਲ ਰਾਹੀਂ ਕਾਰਵਾਈ ਕਰਦਿਆਂ ਪੱਛਮੀ ਬੰਗਾਲ ਵਿੱਚ ਭਾਰਤ-ਭੂਟਾਨ ਸਰਹੱਦ ਤੋਂ ਵਿਦੇਸ਼-ਅਧਾਰਤ ਭਗੌੜੇ ਗੈਂਗਸਟਰ ਹੈਪੀ ਜੱਟ ਦੇ ਤਿੰਨ ਕਾਰਕੁਨਾਂ ਨੂੰ ਉਸ ਵੇਲੇ ਗ੍ਰਿਫ਼ਤਾਰ ਕਰ ਲਿਆ, ਜਦੋਂ ਉਹ ਭੂਟਾਨ ਭੱਜਣ ਦੀ ਕੋਸ਼ਿਸ਼ ਕਰ ਰਹੇ ਸਨ। ਇਹ ਜਾਣਕਾਰੀ ਅੱਜ ਇਥੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ। "ਆਪ੍ਰੇਸ਼ਨ ਨੈਸਟ ਰੈਕਰ" ਨਾਮ ਹੇਠ ਇਹ ਕਾਰਵਾਈ ਐਂਟੀ-ਗੈਂਗਸਟਰ ਟਾਸਕ ਫੋਰਸ (ਏਜੀਟੀਐਫ) ਪੰਜਾਬ, ਇੰਸਪੈਕਟਰ ਜਨਰਲ ਆਫ਼ ਪੁਲਿਸ (ਆਈਜੀਪੀ) ਅਸ਼ੀਸ਼ ਚੌਧਰੀ ਦੀ ਅਗਵਾਈ ਹੇਠ ਓਵਰਸੀਜ਼ ਫਿਊਜਿਟਿਵ ਟ੍ਰੈਕਿੰਗ ਐਂਡ ਐਕਸਟਰਾਡੀਸ਼ਨ ਸੈੱਲ (ਓਐਫਟੀਈਸੀ) ਅਤੇ ਬਟਾਲਾ ਪੁਲਿਸ ਦੁਆਰਾ ਸਾਂਝੇ ਤੌਰ 'ਤੇ ਕੀਤੀ ਗਈ।

ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਅੰਮ੍ਰਿਤਸਰ ਦੇ ਕੱਥੂਨੰਗਲ ਦੇ ਰਹਿਣ ਵਾਲੇ ਜਤਿਨ ਸਿੰਘ, ਤਰਨ ਤਾਰਨ ਦੇ ਪਿੰਡ ਸੰਗਰ ਕੋਟ ਦੇ ਰਹਿਣ ਵਾਲੇ ਸਾਜਨਦੀਪ ਸਿੰਘ ਅਤੇ ਅੰਮ੍ਰਿਤਸਰ ਦੇ ਬਲੀਆ ਮੰਜਪੁਰ ਦੇ ਰਹਿਣ ਵਾਲੇ ਮਹਿਕਦੀਪ ਸਿੰਘ ਵਜੋਂ ਹੋਈ ਹੈ। ਦੋਸ਼ੀ ਜਤਿਨ ਸਿੰਘ ਦਾ ਪੁਰਾਣਾ ਅਪਰਾਧਕ ਰਿਕਾਰਡ ਹੈ ਜਿਸਦੇ ਖਿਲਾਫ ਅਸਲਾ ਐਕਟ, ਐਨਡੀਪੀਐਸ ਐਕਟ ਆਦਿ ਤਹਿਤ ਕਈ ਅਪਰਾਧਕ ਮਾਮਲੇ ਦਰਜ ਹਨ। ਪ੍ਰਾਪਤ ਜਾਣਕਾਰੀ ਅਨੁਸਾਰ, 27 ਅਪ੍ਰੈਲ, 2026 ਨੂੰ ਰਾਤ 9 ਵਜੇ ਦੇ ਕਰੀਬ ਬਟਾਲਾ ਦੇ ਪਿੰਡ ਭੋਮਾ ਵਿੱਚ ਦੋ ਮੋਟਰਸਾਈਕਲਾਂ 'ਤੇ ਸਵਾਰ ਚਾਰ ਅਣਪਛਾਤੇ ਹਮਲਾਵਰਾਂ ਨੇ ਤਿੰਨ ਵਿਅਕਤੀਆਂ 'ਤੇ ਗੋਲੀਆਂ ਚਲਾਈਆਂ।

ਇਸ ਘਟਨਾ ਵਿੱਚ, ਦੋ ਵਿਅਕਤੀਆਂ ਦੀ ਗੋਲੀ ਲੱਗਣ ਨਾਲ ਮੌਤ ਹੋ ਗਈ, ਜਦੋਂ ਕਿ ਤੀਸਰਾ ਜ਼ਖਮੀ ਹੋ ਗਿਆ ਸੀ। ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਆਪਣੇ ਵਿਦੇਸ਼ ਅਧਾਰਤ ਭਗੌੜੇ ਹੈਂਡਲਰ ਹੈਪੀ ਜੱਟ ਦੇ ਨਿਰਦੇਸ਼ਾਂ 'ਤੇ ਕੰਮ ਕਰ ਰਹੇ ਸਨ, ਜਿਨ੍ਹਾਂ ਨੇ ਉਸਦੇ ਨਿਰਦੇਸ਼ਾਂ 'ਤੇ ਹੀ ਇਨ੍ਹਾਂ ਯੋਜਨਾਬੱਧ ਕਤਲਾਂ ਨੂੰ ਅੰਜਾਮ ਦਿੱਤਾ ਸੀ। ਡੀਜੀਪੀ ਨੇ ਕਿਹਾ ਕਿ ਜਾਂਚ ਤੋਂ ਇਹ ਵੀ ਪਤਾ ਲੱਗਾ ਹੈ ਕਿ ਮੁਲਜ਼ਮ ਗ੍ਰਿਫ਼ਤਾਰੀ ਤੋਂ ਬਚਣ ਲਈ ਲਗਾਤਾਰ ਆਪਣਾ ਥਹੁ-ਟਿਕਾਣਾ ਬਦਲ ਰਹੇ ਸਨ। ਉਨ੍ਹਾਂ ਅੱਗੇ ਕਿਹਾ ਕਿ ਵਿੱਤੀ ਸਬੰਧਾਂ, ਲੌਜਿਸਟਿਕਲ ਸਹਾਇਤਾ, ਹਥਿਆਰਾਂ ਦੀ ਖਰੀਦ ਅਤੇ ਕੇਸ ਵਿੱਚ ਸ਼ਾਮਲ ਹੋਰ ਸਾਥੀਆਂ ਦੀ ਭੂਮਿਕਾ ਸਮੇਤ ਪੂਰੀ ਸਾਜ਼ਿਸ਼ ਦਾ ਪਤਾ ਲਗਾਉਣ ਲਈ ਅਗਲੇਰੀ ਜਾਂਚ ਕੀਤੀ ਜਾ ਰਹੀ ਹੈ।



ਕਾਰਵਾਈ ਦੇ ਵੇਰਵੇ ਸਾਂਝੇ ਕਰਦਿਆਂ ਵਧੀਕ ਡਾਇਰੈਕਟਰ ਜਨਰਲ ਆਫ਼ ਪੁਲਿਸ (ਏਡੀਜੀਪੀ) ਏਜੀਟੀਐਫ ਪ੍ਰਮੋਦ ਬਾਨ ਨੇ ਕਿਹਾ ਕਿ ਘਟਨਾ ਤੋਂ ਬਾਅਦ, ਏਜੀਟੀਐਫ, ਬਟਾਲਾ ਪੁਲਿਸ, ਖੁਫੀਆ ਅਤੇ ਤਕਨੀਕੀ ਇਕਾਈਆਂ ਦੀਆਂ ਪੁਲਿਸ ਟੀਮਾਂ ਨੇ ਸਾਂਝੇ ਤੌਰ 'ਤੇ ਜਾਂਚ ਕੀਤੀ ਅਤੇ ਵੱਖ-ਵੱਖ ਥਾਵਾਂ ਦੀ ਸੀਸੀਟੀਵੀ ਫੁਟੇਜ ਨੂੰ ਖੰਗਾਲਿਆ। ਏਡੀਜੀਪੀ ਨੇ ਦੱਸਿਆ ਕਿ ਮੁਲਜ਼ਮਾਂ ਦੀ ਤਕਨੀਕੀ ਪੈੜ ਅਤੇ ਖੁਫੀਆ ਜਾਣਕਾਰੀ ਤੋਂ ਉਕਤ ਮੁਲਜ਼ਮਾਂ ਦੀ ਅੰਤਰਰਾਸ਼ਟਰੀ ਸਰਹੱਦੀ ਖੇਤਰ ਵੱਲ ਗਤੀਵਿਧੀ ਦਾ ਪਤਾ ਚੱਲਿਆ। ਇਸ ਉਪਰੰਤ ਤੇਜ਼ੀ ਨਾਲ ਕਾਰਵਾਈ ਕਰਦਿਆਂ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਨ ਅਤੇ ਪੰਜਾਬ ਵਾਪਸ ਲਿਆਉਣ ਲਈ ਏਜੀਟੀਐਫ ਅਤੇ ਬਟਾਲਾ ਪੁਲਿਸ ਦੇ ਅਧਿਕਾਰੀਆਂ/ਕਰਮਚਾਰੀਆਂ ਦੀ ਇੱਕ ਟੀਮ ਰਵਾਨਾ ਕੀਤੀ ਗਈ। ਇਸ ਸਬੰਧ ਵਿੱਚ ਪੁਲਿਸ ਸਟੇਸ਼ਨ ਘੁਮਾਣ, ਬਟਾਲਾ ਵਿਖੇ ਭਾਰਤੀ ਨਿਆਂ ਸੰਹਿਤਾ (ਬੀਐਨਐਸ) ਦੀ ਧਾਰਾ 103 ਤੇ 109 ਅਤੇ ਅਸਲਾ ਐਕਟ ਦੀ ਧਾਰਾ 25 ਤਹਿਤ ਐਫਆਈਆਰ ਨੰਬਰ 70 ਮਿਤੀ 28.04.2026 ਪਹਿਲਾਂ ਹੀ ਦਰਜ ਹੈ।

Space available for Ad
Contact # +1 (209) 303-1260
Contact # +91 81463-20009


CENTRAL VALLEY
FIRST.
VIN
KRUTTIVENTI
FOR CONGRESS
COMMON SENSE.
AFFORDABLE LIVING.
SAFE COMMUNITIES.
ACCOUNTABILITY.
Businessman. Job Creator. Proven Leader.
VIN
KRUTTIVENTI
FOR CONGRESS
★ WIN ★
WITH VIN
ਮੇਰਾ ਨਾਂ ਵਿਨ ਕਰੁੱਤੀਵੇਂਟੀ ਹੈ- ਇੱਕ ਵਪਾਰੀ ਅਤੇ ਨੌਕਰੀ ਸਿਰਜਣਹਾਰ, ਇੱਕ ਕਰੀਅਰ ਸਿਆਸਤਦਾਨ ਨਹੀਂ. ਮੈਂ ਆਪਣੀ ਜ਼ਿੰਦਗੀ ਕੰਪਨੀਆਂ ਬਣਾਉਣ, ਨੌਕਰੀਆਂ ਪੈਦਾ ਕਰਨ ਅਤੇ ਅਸਲ ਸਮੱਸਿਆਵਾਂ ਨੂੰ ਹੱਲ ਕਰਨ ਵਿਚ ਬਿਤਾਈ ਹੈ.
ਮੈਂ ਕਾਂਗਰਸ ਲਈ ਚੋਣ ਲੜ ਰਿਹਾ ਹਾਂ ਤਾਂ ਜੋ ਸੈਂਟਰਲ ਵੈਲੀ ਨੂੰ ਪਹਿਲਾਂ ਰੱਖਿਆ ਜਾ ਸਕੇ. ਵਾਸ਼ਿੰਗਟਨ ਟੁੱਟ ਗਿਆ ਹੈ, ਖਰਚੇ ਵਧ ਰਹੇ ਹਨ, ਅਤੇ ਸਾਡੇ ਭਾਈਚਾਰੇ ਇਸ ਦੀ ਕੀਮਤ ਅਦਾ ਕਰ ਰਹੇ ਹਨ. ਸਾਨੂੰ ਅਜਿਹੀ ਲੀਡਰਸ਼ਿਪ ਦੀ ਜ਼ਰੂਰਤ ਹੈ ਜੋ ਨਤੀਜੇ ਪ੍ਰਦਾਨ ਕਰੇ - ਬਹਾਨੇ ਨਹੀਂ।
ਜਦੋਂ ਮੈਂ ਚੁਣਿਆ ਜਾਂਦਾ ਹਾਂ, ਤਾਂ ਅਸੀਂ:
★ ਅਰਥਵਿਵਸਥਾ ਨੂੰ ਠੀਕ ਕਰਾਂਗੇ — ਖਰਚੇ ਘਟਾਵਾਂਗੇ!
★ ਵਾਸ਼ਿੰਗਟਨ ਨੂੰ ਜ਼ਿੰਮੇਵਾਰ ਬਣਾਵਾਂਗੇ — ਸਰਕਾਰ ਨੂੰ ਕਾਰੋਬਾਰ ਵਾਂਗ ਚਲਾਵਾਂਗੇ
★ ਆਪਣੀਆਂ ਕਮਿਊਨਿਟੀਆਂ ਦੀ ਰੱਖਿਆ ਕਰਾਂਗੇ — ਗੈਂਗਾਂ ਅਤੇ ਜੁਰਮ 'ਤੇ ਸਖ਼ਤ ਕਾਰਵਾਈ ਕਰਾਂਗੇ
★ ਸਰਹੱਦ ਨੂੰ ਸੁਰੱਖਿਅਤ ਕਰਾਂਗੇ — ਕਾਨੂੰਨ ਲਾਗੂ ਕਰਾਂਗੇ ਅਤੇ ਗੈਰਕਾਨੂੰਨੀ ਪਰਵਾਸੀਆਂ ਨੂੰ ਡਿਪੋਰਟ ਕਰਾਂਗੇ
★ ਖੇਤੀਬਾੜੀ ਅਤੇ ਨੌਕਰੀਆਂ ਨੂੰ ਵਧਾਵਾਂਗੇ — ਪਾਣੀ ਦੀ ਸੁਰੱਖਿਆ ਕਰਾਂਗੇ ਅਤੇ ਕਿਸਾਨਾਂ ਅਤੇ ਕਾਰੋਬਾਰਾਂ ਲਈ ਰੁਕਾਵਟਾਂ ਘਟਾਵਾਂਗੇ
ਸੈਕਰਾਮੈਂਟੋ ਦੀਆਂ ਰੀਡਿਸਟ੍ਰਿਕਟਿੰਗ ਖੇਡਾਂ ਨੇ ਉਨ੍ਹਾਂ ਵਰਗੇ ਸਿਆਸਤਦਾਨਾਂ ਦੀ ਰੱਖਿਆ ਕੀਤੀ. ਹੁਣ ਸਾਡੀ ਵਾਰੀ ਹੈ ਕਿ ਅਸੀਂ ਇੱਕ ਅਸਲੀ ਬਾਹਰੀ ਵਿਅਕਤੀ ਨੂੰ ਭੇਜੀਏ ਜੋ ਸੈਂਟਰਲ ਵੈਲੀ ਦੇ ਨਤੀਜਿਆਂ ਨੂੰ D.C. ਦੇ ਡਰਾਮੇ ਤੋਂ ਉੱਪਰ ਰੱਖਦਾ ਹੈ।
LEARN MORE AT
VIN4CONGRESS.COM
com/vin4congress
@vin4congress
PAID FOR BY VIN KRUTTIVENTI FOR CONGRESS CA-13




ਜਿੱਥੇ ਵੱਖ-ਵੱਖ ਧਾਰਮਿਕ ਸਮਾਗਮ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਲਈ ਕਰਵਾਏ ਜਾ ਰਹੇ ਹਨ

**ਆਓ ਗੁਰਬਾਣੀ ਦੇ ਪ੍ਰਵਾਹ ਨਾਲ ਜੁੜ ਕੇ ਗੁਰੂ ਪਿਤਾ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ**

**ਸੰਗਤ ਰੂਪੀ ਸਹਿਜ ਪਾਠ ਰੋਜ਼ਾਨਾ 9:15 ਤੋਂ 10:00 ਵਜੇ ਤੱਕ**

**ਕਥਾ ਕੀਰਤਨ ਤੇ ਗੁਰਮਤਿ ਵਿਚਾਰ**


ਭਾਈ ਸਾਹਿਬ ਭਾਈ ਪਿੰਦਰਪਾਲ ਸਿੰਘ ਜੀ ਵਲੋਂ 11 ਮਈ ਤੋਂ 17 ਮਈ ਸੋਮਵਾਰ ਤੋਂ ਸ਼ਨੀਵਾਰ ਤੱਕ ਸ਼ਾਮ 7:30 ਤੋਂ 8:45 ਵਜੇ ਤੱਕ ਐਤਵਾਰ ਦੁਪਹਿਰ 12:15 ਤੋਂ 1:30 ਵਜੇ ਤੱਕ ਕੀਤਾ ਜਾਵੇਗਾ

- ਜੇਠ ਮਹੀਨੇ ਦੀ ਸੰਗਰਾਂਦ 15 ਮਈ ਨੂੰ ਮਨਾਈ ਜਾਵੇਗੀ -

- ਪ੍ਰਿਥਮ ਗੱਤਕਾ ਮੁਕਾਬਲਾ 23 ਮਈ ਦਿਨ ਸ਼ਨੀਵਾਰ ਸਵੇਰੇ 8:00 ਵਜੇ ਹੋਵੇਗਾ -

**ਗੁਰਬਾਣੀ ਕੀਰਤਨ**

ਭਾਈ ਹਰਜਿੰਦਰ ਸਿੰਘ ਜੀ (ਸ੍ਰੀਨਗਰ ਵਾਲੇ) 27 ਮਈ ਤੋਂ 30 ਮਈ ਤੱਕ ਸ਼ਾਮ 7:30 ਤੋਂ 8:30 ਵਜੇ ਤੱਕ 31 ਮਈ ਨੂੰ ਦੁਪਹਿਰ 12:30 ਤੋਂ 1:30 ਵਜੇ ਤੱਕ ਰਸਭਿੰਨਾ ਕੀਰਤਨ ਕਰਨਗੇ

















**Address : 3636 Gurdwara Ave, San Jose, CA, 95148**

**www.sanjosegurdwara.com | (408) 274-9373**


ONLY WAY TO GROW YOUR BUSINESS FASTER
BNG
(Business Network Gateway)
We work for you to
Boost Your Business
VIDEO
ADVERTISEMENTS
We make professional video advertisements for your business in Punjabi, Hindi & English
POSTERS
DESIGN
We design flyers, Posters and
Post Cards to promote your business
BUSINESS CARD
DESIGN
WE DESIGN YOUR
BUSINESS CARD
SOCIAL MEDIA
HANDLERS
We can manage your Business social media handlers Facebook, instagram & YouTube
24/7 TECH
SUPPORT
We provide 24/7 tech support
CUSTOMER SERVICE
For more information call
Boota Singh Basi +1 (209) 303-1260

# ਪੰਜਾਬ ਦੇ ਆਰਮੀ ਸਕੂਲਾਂ ਵਿੱਚ ਪੰਜਾਬੀ ਨੂੰ ਪਿੱਛੇ ਧੱਕਣ ਦੀ ਸਾਜ਼ਿਸ਼, ਭਾਜਪਾ ਦੀ ਸੋਚ ਪੰਜਾਬ ਵਿਰੋਧੀ: ਦੀਪਕ ਬਾਲੀ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਆਮ ਆਦਮੀ ਪਾਰਟੀ (ਆਪ) ਦੇ ਸੈਰ-ਸਪਾਟਾ ਅਤੇ ਸੱਭਿਆਚਾਰਕ ਮਾਮਲਿਆਂ ਦੇ ਵਿਭਾਗ ਦੇ ਸਲਾਹਕਾਰ ਦੀਪਕ ਬਾਲੀ ਨੇ ਕੇਂਦਰੀ ਭਾਜਪਾ ਸਰਕਾਰ 'ਤੇ ਪੰਜਾਬ ਵਿਰੋਧੀ ਮਾਨਸਿਕਤਾ ਅਪਣਾਉਣ ਦਾ ਦੋਸ਼ ਲਗਾਇਆ ਹੈ। ਉਨ੍ਹਾਂ ਨੇ ਪੰਜਾਬ ਦੇ ਆਰਮੀ ਸਕੂਲਾਂ ਵਿੱਚ ਪੰਜਾਬੀ ਨੂੰ ਪਿੱਛੇ ਧੱਕਣ ਅਤੇ ਸੰਸਕ੍ਰਿਤ ਨੂੰ ਤਰਜੀਹ ਦੇਣ ਦੇ ਫੈਸਲੇ ਦੀ ਸਖ਼ਤ ਆਲੋਚਨਾ ਕਰਦਿਆਂ ਇਸਨੂੰ "ਪੰਜਾਬੀਅਤ ਨੂੰ ਤਬਾਹ ਕਰਨ ਦੀ ਸਾਜ਼ਿਸ਼" ਦੱਸਿਆ। ਦੀਪਕ ਬਾਲੀ ਨੇ ਕਿਹਾ ਕਿ ਪੰਜਾਬ ਦੇ ਆਰਮੀ ਸਕੂਲਾਂ ਵਿੱਚ ਸੰਸਕ੍ਰਿਤ ਨੂੰ ਲਾਜ਼ਮੀ ਤੌਰ 'ਤੇ ਪੜ੍ਹਾਇਆ ਜਾ ਰਿਹਾ ਹੈ, ਜਿਸ ਨਾਲ ਪੰਜਾਬੀ ਨੂੰ ਚੌਥੇ ਸਥਾਨ 'ਤੇ ਧੱਕ ਦਿੱਤਾ ਜਾ ਰਿਹਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਯੋਜਨਾਬੱਧ ਢੰਗ ਨਾਲ ਪੰਜਾਬ ਦੀ ਭਾਸ਼ਾ, ਸੱਭਿਆਚਾਰ ਅਤੇ ਪਛਾਣ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਬਾਲੀ ਨੇ ਕਿਹਾ ਕਿ ਭਾਜਪਾ ਲਗਾਤਾਰ ਅਜਿਹੇ ਫੈਸਲੇ ਲੈ ਰਹੀ ਹੈ ਜੋ ਪੰਜਾਬ ਦੀ ਸੱਭਿਆਚਾਰਕ ਪਛਾਣ ਨੂੰ ਨੁਕਸਾਨ ਪਹੁੰਚਾਉਂਦੇ ਹਨ। ਉਨ੍ਹਾਂ ਕਿਹਾ ਕਿ ਪੰਜਾਬੀ ਸਿਰਫ਼ ਇੱਕ ਭਾਸ਼ਾ ਨਹੀਂ ਹੈ ਸਗੋਂ ਲੱਖਾਂ ਲੋਕਾਂ ਦੀਆਂ ਭਾਵਨਾਵਾਂ, ਇਤਿਹਾਸ ਅਤੇ ਸੱਭਿਆਚਾਰ ਨੂੰ ਦਰਸਾਉਂਦੀ ਹੈ। ਅਜਿਹੀ ਸਥਿਤੀ ਵਿੱਚ, ਸਿੱਖਿਆ ਪ੍ਰਣਾਲੀ ਵਿੱਚ ਪੰਜਾਬੀ ਭਾਸ਼ਾ ਨੂੰ ਕਮਜ਼ੋਰ ਕਰਨਾ ਪੰਜਾਬ ਅਤੇ ਪੰਜਾਬੀ-ਨਿਰਪੱਖਤਾ 'ਤੇ ਸਿੱਧਾ ਹਮਲਾ ਹੈ। ਉਨ੍ਹਾਂ ਕਿਹਾ, "ਇਹ ਪੰਜਾਬ ਦੀ ਧਰਤੀ ਹੈ, ਅਤੇ ਪੰਜਾਬੀ ਇਸਦੇ ਲੋਕਾਂ ਦੀ ਮਾਤ ਭਾਸ਼ਾ ਹੈ। ਸਿੱਖਿਆ ਪ੍ਰਣਾਲੀ ਵਿੱਚ ਭਾਜਪਾ ਦਾ ਪਿੱਛੇ ਹਟਣਾ ਬਹੁਤ ਹੀ ਮੰਦਭਾਗਾ ਅਤੇ ਨਿੰਦਣਯੋਗ ਹੈ।"ਦੀਪਕ ਬਾਲੀ ਨੇ ਕਿਹਾ ਕਿ ਪੰਜਾਬ ਭਾਸ਼ਾ ਐਕਟ ਵਿੱਚ ਸਪੱਸ਼ਟ ਤੌਰ 'ਤੇ ਕਿਹਾ ਗਿਆ ਹੈ ਕਿ ਪੰਜਾਬ ਵਿੱਚ ਪੰਜਾਬੀ ਭਾਸ਼ਾ ਲਾਜ਼ਮੀ ਤੌਰ 'ਤੇ ਪੜ੍ਹਾਈ ਜਾਵੇਗੀ। ਉਨ੍ਹਾਂ ਦੱਸਿਆ ਕਿ ਸੂਬੇ ਵਿੱਚ ਪਹਿਲੀ ਤੋਂ ਦਸਵੀਂ ਜਮਾਤ ਤੱਕ ਪੰਜਾਬੀ ਇੱਕ ਲਾਜ਼ਮੀ ਵਿਸ਼ਾ ਹੈ ਅਤੇ ਕਾਨੂੰਨੀ ਪ੍ਰਣਾਲੀ ਦਾ ਹਿੱਸਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਕੇਂਦਰ ਸਰਕਾਰ ਜਾਣਬੁੱਝ ਕੇ ਅਜਿਹੀਆਂ ਨੀਤੀਆਂ ਲਾਗੂ ਕਰ ਰਹੀ ਹੈ ਜੋ ਪੰਜਾਬੀ ਭਾਸ਼ਾ ਦੀ ਮਹੱਤਤਾ ਨੂੰ ਘਟਾਉਂਦੀਆਂ ਹਨ ਅਤੇ ਨਵੀਂ ਪੀੜ੍ਹੀ ਨੂੰ ਆਪਣੀ ਮਾਤ ਭਾਸ਼ਾ ਤੋਂ ਦੂਰ ਕਰਦੀਆਂ ਹਨ। 'ਆਪ' ਆਗੂ ਨੇ ਕਿਹਾ ਕਿ ਪੰਜਾਬੀ ਸਾਡੇ ਗੁਰੂਆਂ ਦੀ ਭਾਸ਼ਾ ਹੈ, ਅਤੇ ਇਸਦਾ ਸਤਿਕਾਰ ਕਰਨਾ ਹਰ ਪੰਜਾਬੀ ਦਾ ਫਰਜ਼ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਇਸ ਮੁੱਦੇ 'ਤੇ ਚੁੱਪ ਨਹੀਂ ਰਹੇਗੀ ਅਤੇ ਭਾਜਪਾ ਦੀ ਕਿਸੇ ਵੀ "ਸਾਜ਼ਿਸ਼" ਨੂੰ ਸਫਲ ਨਹੀਂ ਹੋਣ ਦੇਵੇਗੀ। ਉਨ੍ਹਾਂ ਸਪੱਸ਼ਟ ਤੌਰ 'ਤੇ ਕਿਹਾ ਕਿ ਪੰਜਾਬ ਵਿੱਚ ਕੋਈ ਵੀ ਸਕੂਲ ਉੱਥੇ ਕੰਮ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ ਜਿੱਥੇ ਪੰਜਾਬੀ ਭਾਸ਼ਾ ਲਾਜ਼ਮੀ ਨਹੀਂ ਹੈ। ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ ਕੇਂਦਰ ਸਰਕਾਰ ਨੇ ਆਪਣਾ ਫੈਸਲਾ ਵਾਪਸ ਨਹੀਂ ਲਿਆ ਤਾਂ ਆਮ ਆਦਮੀ ਪਾਰਟੀ ਇਸ ਮੁੱਦੇ 'ਤੇ ਸਖ਼ਤ ਵਿਰੋਧ ਕਰੇਗੀ ਅਤੇ ਪੰਜਾਬ ਸਰਕਾਰ ਇਹਦਾਂ ਦੇ ਸਕੂਲਾਂ ਦੇ ਖਿਲਾਫ ਤੁਰੰਤ ਐਕਸ਼ਨ ਲਵੇਗੀ। ਦੀਪਕ ਬਾਲੀ ਨੇ ਕਿਹਾ ਕਿ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਹਮੇਸ਼ਾ ਪੰਜਾਬ ਨੂੰ ਕਮਜ਼ੋਰ ਕਰਨ ਦੀ ਮਾਨਸਿਕਤਾ ਨਾਲ ਕੰਮ ਕਰਦੀ ਦਿਖਾਈ ਦਿੰਦੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਆਪਣੀ ਭਾਸ਼ਾ ਅਤੇ ਸੱਭਿਆਚਾਰ ਨਾਲ ਕਿਸੇ ਵੀ ਤਰ੍ਹਾਂ ਸਮਝੌਤਾ ਨਹੀਂ ਕਰਨਗੇ ਅਤੇ ਪੰਜਾਬੀ ਭਾਸ਼ਾ ਦੇ ਸਤਿਕਾਰ ਲਈ ਲੜਾਈ ਹਰ ਪੱਧਰ 'ਤੇ ਜਾਰੀ ਰਹੇਗੀ।

# ਪ੍ਰਾਮਿਲਾ ਜੈਯਾਪਾਲ ਮੁੜ ਚੋਣ ਲਈ ਮੈਦਾਨ ਵਿੱਚ ਨਿਤਰੀ




ਸੈਕਰਾਮੈਂਟੋ
ਹੁਸਨ ਲੜੋਆ

ਸਤਵੇਂ ਡਿਸਟ੍ਰਿਕਟ ਤੋਂ ਪ੍ਰਾਮਿਲਾ ਜਯਾਪਾਲ ਮੁੜ ਚੋਣ ਲਈ ਮੈਦਾਨ ਵਿੱਚ ਹਨ। 4 ਅਗਸਤ ਨੂੰ ਹੋ ਰਹੀ ਪ੍ਰਾਇਮਰੀ ਚੋਣ ਵਿੱਚ ਪਤਾ ਲੱਗੇਗਾ ਕਿ 3 ਨਵੰਬਰ ਦੀਆਂ ਆਮ ਚੋਣਾਂ ਵਿੱਚ ਕਿਹੜਾ ਉਮੀਦਵਾਰ 7 ਵੇਂ ਡਿਸਟ੍ਰਿਕਟ ਦੀ ਪ੍ਰਤੀਨਿੱਧਤਾ ਲਈ ਯੋਗ ਪਾਇਆ ਜਾਵੇਗਾ। ਇਸ ਚੋਣ ਦੀ ਅਹਿਮੀਅਤ ਇਹ ਹੈ ਕਿ ਇਸ ਵਿੱਚ ਪਾਰਟੀ ਦਾ ਕੋਈ ਮਹੱਤਵ ਨਹੀਂ ਹੈ।

ਇਕੋ ਹੀ ਪਰਚੀ 'ਤੇ ਵੋਟਾਂ ਪੈਣਗੀਆਂ ਤੇ ਦੋ ਉਮੀਦਵਾਰ ਜੋ ਸਭ ਤੋਂ ਵਧ ਵੋਟਾਂ ਲੈਣਗੇ ਚਾਹੇ ਉਹ ਇਕ ਹੀ ਪਾਰਟੀ ਦੇ ਹੋਣ, ਆਮ ਚੋਣਾਂ ਵਿੱਚ ਉਮੀਦਵਾਰ ਹੋਣਗੇ।

ਜੈਯਾਪਾਲ ਨੇ ਪ੍ਰਾਇਮਰੀ ਚੋਣ ਲੜਨ ਦੀ ਪੁਸ਼ਟੀ ਕਰਦਿਆਂ ਕਿਹਾ ਹੈ ਕਿ ਉਹ ਆਰਥਕ ਨਿਆਂ ਉਪਰ ਜੋਰ ਦੇਣਗੇ ਤੇ ਡੈਮੋਕਰੈਟਿਕ ਕਦਰਾਂ ਕੀਮਤਾਂ ਦਾ ਪ੍ਰਚਾਰ ਕਰਨਗੇ। ਉਨਾਂ ਨੇ ਆਪਣੇ ਹਮਾਇਤੀਆਂ ਨੂੰ ਸੰਗਠਿਤ ਰਹਿ ਕੇ ਸਰਗਰਮ ਹੋਣ ਦਾ ਸੱਦਾ ਦਿੱਤਾ ਹੈ। ਉਨਾਂ ਦੇ ਵਿਰੋਧੀਆਂ ਵਿੱਚ ਇਕ ਨੀਰਵ ਸੇਠ ਸ਼ਾਮਲ ਹੈ ਜੋ ਪਹਿਲੀ ਵਾਰ ਕਾਂਗਰਸ ਲਈ ਚੋਣ ਮੈਦਾਨ ਵਿੱਚ ਹੈ। ਉਹ ਆਪਣੇ ਆਪ ਨੂੰ ਸਾਬਕਾ ਬੇਘਰਾ ਕਾਲਜ ਵਿਦਿਆਰਥੀ ਦੱਸਦਾ ਹੈ ਤੇ ਉਸ ਨੇ ਅਮਰੀਕੀ ਫੌਜ ਵਿੱਚ ਸੇਵਾ ਕੀਤੀ ਹੈ।

# ਐਫਆਈਏ ਨੇ ਬਿਨਾਂ ਦਸਤਾਵੇਜ਼ਾਂ ਦੇ ਗਵਾਦਰ ਵੱਲ ਯਾਤਰਾ ਕਰਨ ਵਾਲੇ 34 ਅਫਗਾਨ ਨਾਗਰਿਕਾਂ ਨੂੰ ਕੀਤਾ ਗ੍ਰਿਫ਼ਤਾਰ

ਕਵੇਟਾ
ਸਾਂਝੀ ਸੋਚ ਬਿਊਰੋ



ਸਥਾਨਕ ਮੀਡੀਆ ਨੇ ਬੁੱਧਵਾਰ ਨੂੰ ਰਿਪੋਰਟ ਦਿੱਤੀ ਕਿ ਸੰਘੀ ਜਾਂਚ ਏਜੰਸੀ ਨੇ ਬਿਨਾਂ ਜ਼ਰੂਰੀ ਦਸਤਾਵੇਜ਼ਾਂ ਦੇ ਪਾਕਿਸਤਾਨ ਵਿੱਚ ਦਾਖਲ ਹੋਣ ਅਤੇ ਬਲੋਚਿਸਤਾਨ ਦੇ ਗਵਾਦਰ ਵੱਲ ਯਾਤਰਾ ਕਰਨ ਵਾਲੇ 34 ਅਫਗਾਨ ਨਾਗਰਿਕਾਂ ਨੂੰ ਗ੍ਰਿਫਤਾਰ ਕੀਤਾ ਹੈ। ਪਾਕਿਸਤਾਨ ਦੇ ਰੋਜ਼ਾਨਾ ਡਾਨ ਦੀ ਰਿਪੋਰਟ ਅਨੁਸਾਰ, ਐਫਆਈਏ ਦੇ ਬੁਲਾਰੇ ਨੇ ਕਿਹਾ ਕਿ ਉਸਦੀ ਤੁਰਬਤ ਵਿੰਗ ਨੇ ਇੱਕ ਸੂਚਨਾ ਮਿਲਣ ਤੋਂ ਬਾਅਦ ਸੀਪੀਈਸੀ ਰੋਡ ਖੇਤਰ ਵਿੱਚ ਛਾਪਾ ਮਾਰਿਆ ਅਤੇ 34 ਗੈਰ-ਦਸਤਾਵੇਜ਼ੀ ਅਫਗਾਨ ਨਾਗਰਿਕਾਂ ਨੂੰ ਗ੍ਰਿਫਤਾਰ ਕੀਤਾ ਜੋ ਕਥਿਤ ਤੌਰ 'ਤੇ ਗਵਾਦਰ ਖੇਤਰ ਰਾਹੀਂ ਈਰਾਨ ਵਿੱਚ ਦਾਖਲ ਹੋਣ ਦੀ ਕੋਸ਼ਿਸ਼ ਕਰ ਰਹੇ ਸਨ।

ਗ੍ਰਿਫ਼ਤਾਰ ਕੀਤੇ ਗਏ ਅਫਗਾਨ ਨਾਗਰਿਕਾਂ ਵਿੱਚ ਪੁਰਸ਼, ਔਰਤਾਂ ਅਤੇ ਬੱਚੇ ਸ਼ਾਮਲ ਹਨ। ਸ਼ੁਰੂਆਤੀ ਪੁੱਛਗਿੱਛ ਤੋਂ ਬਾਅਦ, ਉਨ੍ਹਾਂ ਵਿਰੁੱਧ ਕੇਸ ਦਰਜ ਕੀਤਾ ਗਿਆ ਸੀ, ਅਤੇ ਵਿਦੇਸ਼ੀ ਨਾਗਰਿਕਾਂ ਦੀ ਗੈਰ-ਕਾਨੂੰਨੀ ਆਵਾਜਾਈ ਵਿੱਚ ਸ਼ਾਮਲ ਦੋਸ਼ੀਆਂ ਅਤੇ ਨੈਟਵਰਕਾਂ ਨੂੰ ਲੱਭਣ ਲਈ ਹੋਰ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਇਹ ਕਾਰਵਾਈ ਗੈਰ-ਕਾਨੂੰਨੀ ਮਨੁੱਖੀ ਤਸਕਰੀ ਅਤੇ ਗੈਰ-ਦਸਤਾਵੇਜ਼ੀ ਸਰਹੱਦ ਪਾਰ ਆਵਾਜਾਈ ਨੂੰ ਰੋਕਣ ਲਈ ਕੀਤੇ ਜਾ ਰਹੇ ਯਤਨਾਂ ਦੇ ਹਿੱਸੇ ਵਜੋਂ ਕੀਤੀ ਗਈ ਸੀ।

# ਰਾਸ਼ਟਰਪਤੀ ਟਰੰਪ ਈਰਾਨ ਜੰਗ ਦਾ ਸਪੱਸ਼ਟ ਕਾਰਨ ਦੱਸਣ ਵਿੱਚ ਨਾਕਾਮ ਰਹੇ- ਸਰਵੇ

ਸੈਕਰਾਮੈਂਟੋ
ਹੁਸਨ ਲੜੋਆ

ਦੋ ਤਿਹਾਈ ਅਮਰੀਕੀਆਂ ਦਾ ਮੰਨਣਾ ਹੈ ਕਿ ਰਾਸ਼ਟਰਪਤੀ ਡੋਨਲਡ ਟਰੰਪ ਈਰਾਨ ਜੰਗ ਦਾ ਅਸਲ ਕਾਰਨ ਦੱਸਣ ਵਿੱਚ ਨਾਕਾਮ ਰਹੇ ਹਨ। ਇਸ ਦੇ ਨਾਲ ਹੀ ਰਾਈਟਰ ਤੇ ਇਪਸਾਸ ਦੇ ਇਕ ਤਾਜ਼ਾ ਸਰਵੇ ਵਿੱਚ ਏਨੇ ਹੀ ਲੋਕਾਂ ਨੇ ਕਿਹਾ ਹੈ ਕਿ ਈਰਾਨ ਨਾਲ ਜੰਗ ਕਾਰਨ ਵਿੱਤੀ ਬੋਝ ਪਿਆ ਹੈ ਤੇ ਗੈਸ ਦੀਆਂ ਕੀਮਤਾਂ ਵਧੀਆਂ ਹਨ। ਦੂਸਰੇ ਪਾਸੇ ਟਰੰਪ ਦੀ ਪ੍ਰਵਾਨਗੀ ਦਰ ਵਿਚ ਮਮੂਲੀ ਸੁਧਾਰ ਵੀ ਵੇਖਣ ਨੂੰ ਮਿਲਿਆ ਹੈ ਜੋ ਵਧ ਕੇ 36% ਹੋ ਗਈ ਹੈ ਜਦ ਕਿ ਅਪ੍ਰੈਲ ਦੇ ਆਖੀਰ ਵਿਚ ਪ੍ਰਵਾਨਗੀ ਦਰ ਸਭ ਤੋ ਹੇਠਲੇ ਪੱਧਰ 'ਤੇ 34 % ਸੀ।

ਰਾਸ਼ਟਰਪਤੀ ਦੀ ਸਭ ਤੋਂ ਵਧ ਪ੍ਰਵਾਨਗੀ ਦਰ ਜਨਵਰੀ 2025 ਵਿੱਚ 47% ਸੀ। ਸਰਵੇ ਵਿੱਚ ਦੇਸ਼ ਭਰ ਦੇ 1254 ਬਾਲਗਾਂ ਦੀ ਰਾਏ ਲਈ ਗਈ। 8 ਤੋਂ 11 ਜਨਵਰੀ ਤੱਕ ਕੀਤੇ ਸਰਵੇ ਵਿੱਚ 66% ਅਮਰੀਕੀਆਂ ਨੇ ਕਿਹਾ ਕਿ ਟਰੰਪ ਈਰਾਨ ਜੰਗ ਵਿੱਚ ਫੌਜ ਦੇ ਟੀਚੇ ਨੂੰ ਸਪੱਸ਼ਟ ਤੌਰ 'ਤੇ ਬਿਆਨ ਨਹੀਂ ਕਰ ਸਕੇ ਜਦ ਕਿ 63% ਲੋਕਾਂ ਦਾ ਮੰਨਣਾ ਹੈ ਕਿ ਗੈਸ ਦੀਆਂ ਕੀਮਤਾਂ ਵਧਣ ਕਾਰਨ ਉਹ ਆਰਥਕ ਤੌਰ 'ਤੇ ਪ੍ਰਭਾਵਿਤ ਹੋਏ ਹਨ।




2026
VOTE
CHRISTINE
BISH
CONGRESS
ਇਹ ਬਦਲਾਅ ਦਾ ਸਮਾਂ ਹੈ
ਅਤੇ ਕ੍ਰਿਸਟੀਨ ਬਿਸ਼ ਹੀ ਉਹ ਨੇਤਾ ਹੈ
ਜਿਸਦੀ ਸਾਨੂੰ ਲੋੜ ਹੈ ਕ੍ਰਿਸਟੀਨ ਬਿਸ਼ ਨੂੰ ਵੋਟ ਦਿਓ ਅਤੇ ਆਓ ਸੈਕਰਾਮੈਂਟੋ ਕਾਉਂਟੀ ਨੂੰ ਆਪਣੇ ਸਾਰਿਆਂ ਲਈ ਇੱਕ ਬਿਹਤਰ ਜਗ੍ਹਾ ਬਣਾਈਏ।
REPUBLICAN CANDIDATE
FOR CALIFORNIA
TUESDAY
JUNE 2
2026
• Paid for by Bish for Congress FEC#C00721548
www.BishforCongress.com


SUNSHINE AUTO CARE INC
WE REPAIR ALL"
AUTO • DIESEL TRUCKS • TRAILERS
All Makes & Models
FULL SERVICE AUTO & DIESEL REPAIR
Engine Diagnostics
Brake Service
Engine Diagnostics
Brake Service
Suspension & Steering
Diesel Truck Repair
Trailer Repair
Reliable • Professional • Fast Service
1003 MOFFAT BLVD.• MANTECA, CA 95336
209-239-1551

# RAKHI ISRANI

## Democrat for U.S. Congress

ਮੈਂ ਇੱਕ ਕਾਰੋਬਾਰ ਬਣਾਇਆ ਹੈ
ਸੈਂਕੜੇ ਨੌਕਰੀਆਂ ਪੈਦਾ ਕੀਤੀਆਂ ਹਨ
ਅਤੇ ਉਨ੍ਹਾਂ ਪਰਿਵਾਰਾਂ ਨਾਲ ਕੰਮ ਕੀਤਾ ਹੈ
ਜੋ ਚੱਲਣ ਲਈ ਸੰਘਰਸ਼ ਕਰ ਰਹੇ ਹਨ।

**ਮੈਂ ਉਨ੍ਹਾਂ ਲਈ ਲੜਨ ਲਈ ਕਾਂਗਰਸ ਲਈ ਚੋਣ ਲੜ ਰਹੀ ਹਾਂ**



## ਕਾਂਗਰਸ ਦੇ ਤੁਹਾਡੇ ਅਗਲੇ ਮੈਂਬਰ ਵਜੋਂ

## ਰਾਖੀ ਇਸ ਲਈ ਲੜੇਗੀ :

- ਪੂਰਬੀ ਖਾੜੀ ਨੂੰ ਹਰ ਪਰਿਵਾਰ ਲਈ ਕਿਫਾਇਤੀ ਬਣਾਓ
- ਪ੍ਰਵਾਸੀ ਪਰਿਵਾਰਾਂ ਦੀ ਰੱਖਿਆ ਕਰੋ ਅਤੇ ਇੱਕ ਅਜਿਹਾ ਸਿਸਟਮ ਮੰਗੋ ਜੋ ਕੰਮ ਕਰੇ
- ਵਾਸ਼ਿੰਗਟਨ ਨੂੰ ਸਾਫ਼ ਕਰੋ ਅਤੇ ਲੋਕਤੰਤਰ ਬਚਾਓ
- Snap ਅਤੇ ਮੈਡੀਕੇਅਰ ਫੰਡਿੰਗ ਵਿੱਚ ਕਟੌਤੀਆਂ ਨੂੰ ਬਹਾਲ ਕਰੋ

www.RakhiForCongress.com 'ਤੇ ਹੋਰ ਜਾਣੋ

## ਰਾਖੀ ਇਸਰਾਨੀ ਪ੍ਰਵਾਸੀਆਂ ਦੀ ਧੀ ਹੈ ਜੋ ਅਮਰੀਕਾ ਵਿੱਚ ਸਿਰਫ਼ ਦ੍ਰਿੜ ਇਰਾਦੇ ਨਾਲ ਆਈ ਸੀ।

ਉਸਨੇ ਆਪਣੇ ਮਾਪਿਆਂ ਨੂੰ ਮੁੱਢ ਤੋਂ ਜੀਵਨ ਬਣਾਉਂਦੇ ਦੇਖਿਆ ਅਤੇ ਫਿਰ ਉਸਨੇ ਵੀ ਅਜਿਹਾ ਹੀ ਕੀਤਾ। ਰਾਖੀ ਨੇ ਇੱਕ ਈਸਟ ਬੇ ਐਜੂਕੇਸ਼ਨ ਕੰਪਨੀ ਦੀ ਸਥਾਪਨਾ ਕੀਤੀ ਜੋ ਇੱਕ ਦੇਸ਼ ਵਿਆਪੀ ਕਾਰਜ ਵਿੱਚ ਵਧੀ ਸੈਂਕੜੇ ਨੌਕਰੀਆਂ ਪੈਦਾ ਕੀਤੀਆਂ ਅਤੇ ਹਜ਼ਾਰਾਂ ਵਿਦਿਆਰਥੀਆਂ ਨੂੰ ਕਾਲਜ ਅਤੇ ਇਸ ਤੋਂ ਅੱਗੇ ਪਹੁੰਚਣ ਵਿੱਚ ਮਦਦ ਕੀਤੀ।





ਇੱਕ ਵਕੀਲ, ਸਿੱਖਿਅਕ, ਗੈਰ-ਮੁਨਾਫ਼ਾ ਆਗੂ, ਅਤੇ ਕਾਰੋਬਾਰੀ ਮਾਲਕ ਹੋਣ ਦੇ ਨਾਤੇ, ਜਿਸਨੇ ਈਸਟ ਬੇ ਵਿੱਚ ਆਪਣੇ ਚਾਰ ਬੱਚਿਆਂ ਦੀ ਪਰਵਰਿਸ਼ ਕਰਨ ਵਿੱਚ 20 ਸਾਲ ਬਿਤਾਏ ਹਨ, ਰਾਖੀ ਜਾਣਦੀ ਹੈ ਕਿ ਇੱਥੇ ਕਿਹੜੇ ਪਰਿਵਾਰ ਹਨ। ਉਸਨੇ ਰਹਿਣ-ਸਹਿਣ ਦੀ ਲਾਗਤ ਨੂੰ ਅਸਮਾਨ ਛੂਹਦੇ ਦੇਖਿਆ ਹੈ ਜਦੋਂ ਕਿ ਵਾਸ਼ਿੰਗਟਨ ਹੋਰ ਵੀ ਵਿਘਨਕਾਰੀ ਅਤੇ ਸੰਪਰਕ ਤੋਂ ਬਾਹਰ ਹੁੰਦਾ ਜਾ ਰਿਹਾ ਹੈ ਅਤੇ ਉਸਨੇ ਇਸ ਬਾਰੇ ਕੁਝ ਕਰਨ ਦਾ ਫੈਸਲਾ ਕੀਤਾ ਹੈ। ਉਹ ਨਤੀਜੇ ਦੇਣ ਲਈ ਕਾਂਗਰਸ ਲਈ ਚੋਣ ਲੜ ਰਹੀ ਹੈ ਰਾਜਨੀਤਿਕ ਸ਼ੋਰ ਨਹੀਂ।



**Learn more at www.RakhiForCongress.com**

# ਭਾਜਪਾ ਤੋਂ ਸਾਵਧਾਨ ਰਹੋ, ਜੇ ਭਾਜਪਾ ਸੱਤਾ ਵਿੱਚ ਆਈ ਤਾਂ ਉਹ ਤਿੰਨ ਕਾਲੇ ਖੇਤੀ ਕਾਨੂੰਨ ਲਾਗੂ ਕਰ ਦੇਣਗੇ- ਭਗਵੰਤ ਸਿੰਘ ਮਾਨ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਭਾਜਪਾ, ਅਕਾਲੀ ਦਲ ਅਤੇ ਕਾਂਗਰਸ ‘ਤੇ ਤਿੱਖਾ ਸਿਆਸੀ ਹਮਲਾ ਕਰਦਿਆਂ ਕਿਹਾ ਕਿ ਇਨ੍ਹਾਂ ਰਵਾਇਤੀ ਸਿਆਸੀ ਪਾਰਟੀਆਂ ਨੇ ਦਹਾਕਿਆਂ ਤੱਕ ਫੁੱਟ ਪਾਉਣ ਵਾਲੀ ਰਾਜਨੀਤੀ, ਪੰਜਾਬ ਵਿਰੋਧੀ ਫੈਸਲਿਆਂ ਅਤੇ ਭ੍ਰਿਸ਼ਟਾਚਾਰ ਰਾਹੀਂ ਪੰਜਾਬ ਨਾਲ ਧੋਖਾ ਕੀਤਾ ਹੈ। ਉਨ੍ਹਾਂ ਕਿਹਾ ਕਿ ਜੇਕਰ ਸੂਬੇ ਵਿੱਚ ਭਾਜਪਾ ਦੀ ਸਰਕਾਰ ਆਈ ਤਾਂ ਉਹ ਇੱਕ ਵਾਰ ਫਿਰ ਕਾਲੇ ਖੇਤੀ ਕਾਨੂੰਨ ਲਾਗੂ ਕਰੇਗੀ। ਸਮਰਾਲਾ ਦੇ ਪਿੰਡ ਮਾਣਕੀ ਵਿਖੇ ਲੋਕ ਮਿਲਣੀ ਦੌਰਾਨ ਗੱਲਬਾਤ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਭਾਜਪਾ ਨੇ ਆਰਮੀ ਸਕੂਲਾਂ ਵਿੱਚ ਸੰਸਕ੍ਰਿਤ ਨੂੰ ਲਾਜ਼ਮੀ ਅਤੇ ਪੰਜਾਬੀ ਨੂੰ ਵਿਕਲਪਿਕ ਬਣਾ ਕੇ ਆਪਣੀ ਪੰਜਾਬ ਵਿਰੋਧੀ ਸੋਚ ਉਜਾਗਰ ਕਰ ਦਿੱਤੀ ਹੈ। ਉਨ੍ਹਾਂ ਦੱਸਿਆ ਕਿ ਪਾਰਟੀ ਚੋਣਾਂ ਤੋਂ ਪਹਿਲਾਂ ਵੋਟਰਾਂ ਵਿੱਚ ਫੁੱਟ ਪਾਉਣ ਲਈ ਫਿਰਕੂ ਤਣਾਅ ਪੈਦਾ ਕਰਨ ਵਿੱਚ ਮਾਹਿਰ ਹੈ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਖੇਤੀ ਕਾਨੂੰਨ ਰੱਦ ਕਰਵਾਉਣ ਲਈ ਕੀਤੇ ਅੰਦੋਲਨ ਦੌਰਾਨ ਸੈਂਕੜੇ ਕਿਸਾਨ ਸ਼ਹੀਦ ਹੋ ਗਏ ਸਨ। ਉਨ੍ਹਾਂ ਕਿਹਾ ਕਿ ਸੈਂਕੜੇ ਕਿਸਾਨਾਂ ਦੀ ਸ਼ਹੀਦੀ ਤੋਂ ਬਾਅਦ ਵੀ ਭਾਜਪਾ ਪੰਜਾਬ ਵਿੱਚ ਵੋਟਾਂ ਕਿਵੇਂ ਮੰਗ ਸਕਦੀ ਹੈ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਦੇ ਉਲਟ, 'ਆਪ' ਸਰਕਾਰ ਭਲਾਈ ਸਕੀਮਾਂ, ਨੌਕਰੀਆਂ, ਸਿੱਖਿਆ, ਸਿਹਤ ਸੰਭਾਲ ਅਤੇ ਵਿਕਾਸ ਕਾਰਜਾਂ ਰਾਹੀਂ ਲੋਕਾਂ ਦਾ ਪੈਸਾ ਉਨ੍ਹਾਂ ਨੂੰ ਵਾਪਸ ਕਰ ਰਹੀ ਹੈ। ਉਨ੍ਹਾਂ ਪਿੰਡ ਵਿੱਚ ਵਿਕਾਸ ਪ੍ਰੋਜੈਕਟਾਂ ਲਈ 50 ਲੱਖ ਰੁਪਏ ਵੀ ਦਿੱਤੇ।

ਸਮਰਾਲਾ ਵਿੱਚ ਲੋਕ ਮਿਲਣੀ ਦੌਰਾਨ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਨੂੰ ਫੁੱਟ ਪਾਊ ਅਤੇ ਪੰਜਾਬ ਵਿਰੋਧੀ ਤਾਕਤਾਂ ਤੋਂ ਸੁਚੇਤ ਰਹਿਣਾ ਚਾਹੀਦਾ ਹੈ ਜੋ ਸੂਬੇ ਨੂੰ ਰਾਜਨੀਤਿਕ, ਸਮਾਜਿਕ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਕਰਨ ਦੀਆਂ ਲਗਾਤਾਰ ਕੋਸ਼ਿਸ਼ਾਂ ਕਰ ਰਹੀਆਂ ਹਨ। ਉਨ੍ਹਾਂ ਕਿਹਾ, "ਭਾਜਪਾ ਨੇ ਪੰਜਾਬ ਵਿਰੋਧੀ ਸੋਚ ਅਪਣਾਈ ਹੋਈ ਹੈ ਅਤੇ ਉਨ੍ਹਾਂ ਦੀ ਇਹ ਸੌੜੀ ਸੋਚ ਪੰਜਾਬ ਦੇ ਆਰਮੀ ਸਕੂਲਾਂ ਵਿੱਚ ਸੰਸਕ੍ਰਿਤ ਨੂੰ ਲਾਜ਼ਮੀ ਬਣਾਉਣ ਅਤੇ ਪੰਜਾਬੀ ਨੂੰ ਇੱਕ ਵਿਕਲਪਿਕ ਵਿਸ਼ਾ ਬਣਾਉਣ ਨਾਲ ਉਜਾਗਰ ਹੁੰਦੀ ਹੈ। ਭਾਜਪਾ ਨੇ ਹਮੇਸ਼ਾ ਪੰਜਾਬ ਨਾਲ ਬੇਇਨਸਾਫ਼ੀ ਕੀਤੀ ਹੈ।"

ਮੁੱਖ ਮੰਤਰੀ ਨੇ ਕਿਹਾ, “ਸੂਬੇ ਨਾਲ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਬੀਬੀਐਮਬੀ, ਐਸਵਾਈਐਲ ਨਹਿਰ, ਹਰੀਕੇ ਨਹਿਰ, ਗਣਤੰਤਰ ਦਿਵਸ ਦੀਆਂ ਝਾਕੀਆਂ, ਆਰਡੀਐਫ ਫੰਡ ਜਾਂ ਸਰਹੱਦੀ ਖੇਤਰ ਦੇ ਫੰਡਾਂ ਵਰਗੇ ਮੁੱਦਿਆਂ ‘ਤੇ ਭਾਜਪਾ ਨੇ ਲਗਾਤਾਰ ਬੇਇਨਸਾਫ਼ੀ ਕੀਤੀ ਹੈ।”

ਉਨ੍ਹਾਂ ਕਿਹਾ ਕਿ ਭਾਜਪਾ ਨੇ ਹਮੇਸ਼ਾ ਦੰਗਿਆਂ ਅਤੇ ਫੁੱਟ ਪਾਉਣ ਦੀ ਰਾਜਨੀਤੀ ਖੇਡੀ ਹੈ। ਉਨ੍ਹਾਂ ਲੋਕਾਂ ਨੂੰ ਅਗਾਮੀ ਚੋਣਾਂ ਤੋਂ ਪਹਿਲਾਂ ਪੰਜਾਬ ਵਿੱਚ ਅਸਥਿਰਤਾ ਪੈਦਾ ਕਰਨ ਦੀਆਂ ਕੋਸ਼ਿਸ਼ ਕਰਨ ਵਾਲੀਆਂ ਤਾਕਤਾਂ ਨੂੰ ਢੁਕਵਾਂ ਜਵਾਬ ਦੇਣ ਲਈ ਕਿਹਾ। ਉਨ੍ਹਾਂ ਅੱਗੇ ਕਿਹਾ, “ਪੰਜਾਬ ਵਿੱਚ ਕੁਝ ਰਾਜਨੀਤਿਕ ਪਾਰਟੀਆਂ ਧਰਮ ਦੇ ਨਾਮ 'ਤੇ ਲੋਕਾਂ ਵਿੱਚ ਫੁੱਟ ਪਾਉਣ ਦੀਆਂ ਕੋਸ਼ਿਸ਼ਾਂ ਕਰ ਰਹੀਆਂ ਹਨ। ਭਾਜਪਾ ਦੀ ਰਾਜਨੀਤੀ ਭਾਈਚਾਰਿਆਂ ਵਿੱਚ ਫੁੱਟ ਪਾਉਣ ਅਤੇ ਫਿਰ ਉਨ੍ਹਾਂ ਨੂੰ ਡਰਾ ਕੇ ਵੋਟਾਂ ਮੰਗਣ ‘ਤੇ ਕੇਂਦਰਿਤ ਹੈ। ਪੰਜਾਬ ਪਹਿਲਾਂ ਹੀ ਪਿਛਲੇ ਸਮੇਂ ਦੌਰਾਨ ਕਾਲੇ ਦਿਨਾਂ ਨੂੰ ਦੇਖ ਚੁੱਕਾ ਹੈ ਜਿਸਨੇ ਸੂਬੇ ਦੇ ਵਿਕਾਸ ਨੂੰ ਪਟੜੀ ਤੋਂ ਉਤਾਰ ਦਿੱਤਾ ਸੀ। ਇਸ ਲਈ ਲੋਕਾਂ ਨੂੰ ਅਜਿਹੀਆਂ ਤਾਕਤਾਂ ਤੋਂ ਸੁਚੇਤ ਰਹਿਣਾ ਚਾਹੀਦਾ ਹੈ।”

ਲੋਕਾਂ ਨੂੰ ਇਕਜੁੱਟ ਰਹਿਣ ਦੀ ਅਪੀਲ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ ਪੰਜਾਬ ਦੇ ਸਰਵਪੱਖੀ ਵਿਕਾਸ ਲਈ ਅਣਥੱਕ ਮਿਹਨਤ ਕੀਤੀ ਹੈ ਅਤੇ ਪਿਛਲੀਆਂ ਸਰਕਾਰਾਂ ਦੇ ਉਲਟ ਉਨ੍ਹਾਂ ਨੇ ਕਦੇ ਵੀ ਨਿੱਜੀ ਸੁੱਖ-ਸਹੂਲਤਾਂ ਲਈ ਜਨਤਕ ਪੈਸੇ ਦੀ ਦੁਰਵਰਤੋਂ ਨਹੀਂ ਕੀਤੀ। ਉਨ੍ਹਾਂ ਕਿਹਾ, “ਮੈਂ ਆਪਣੇ ਲਈ ਸਰਕਾਰੀ ਖਜ਼ਾਨੇ ਵਿੱਚੋਂ ਇੱਕ ਪੈਸਾ ਵੀ ਨਹੀਂ ਲਿਆ। ਕਰਦਾਤਾਵਾਂ ਦਾ ਪੈਸਾ ਜਨਤਕ ਭਲਾਈ ਲਈ ਪੂਰੀ ਸਮਝਦਾਰੀ ਨਾਲ ਖਰਚ ਕੀਤਾ ਜਾ ਰਿਹਾ ਹੈ। ਤੁਹਾਡਾ ਪੁੱਤਰ ਅਤੇ ਭਰਾ ਹੋਣ ਦੇ ਨਾਤੇ, ਮੈਂ ਹਮੇਸ਼ਾ ਪਿਛਲੀਆਂ ਸਰਕਾਰਾਂ ਵਾਂਗ ਐਸ਼ੋ-ਆਰਾਮ ਦੀ ਜ਼ਿੰਦਗੀ ਜੀਉਣ ਦੀ ਬਜਾਏ ਤੁਹਾਡੇ ਦਰਦ ਅਤੇ ਮੁਸ਼ਕਲਾਂ ਨੂੰ ਸਾਂਝਾ ਕਰਨ 'ਤੇ ਧਿਆਨ ਕੇਂਦਰਿਤ ਕੀਤਾ ਹੈ।”

ਮੁੱਖ ਮੰਤਰੀ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਸਿਰਫ਼ ਆਪਣੇ ਘਰਾਂ ਤੱਕ ਹੀ ਸੀਮਿਤ ਸਨ ਅਤੇ ਉਨ੍ਹਾਂ ਨੇ ਕਦੇ ਵੀ ਲੋਕਾਂ ਨਾਲ ਉਨ੍ਹਾਂ ਦੀਆਂ ਸਮੱਸਿਆਵਾਂ ਬਾਰੇ ਸਿੱਧੇ ਤੌਰ 'ਤੇ ਗੱਲਬਾਤ ਕਰਨ ਦੀ ਖੇਚਲ ਨਹੀਂ ਕੀਤੀ। ਉਨ੍ਹਾਂ ਕਿਹਾ, “ਕੋਈ ਵੀ ਪੁਰਾਣਾ ਆਗੂ ਕਦੇ ਵੀ ਇਸ ਤਰੀਕੇ ਨਾਲ ਲੋਕਾਂ ਦੇ ਵਿਚਕਾਰ ਉਨ੍ਹਾਂ ਦੀਆਂ ਸ਼ਿਕਾਇਤਾਂ ਸੁਣਨ ਅਤੇ ਹੱਲ ਕਰਨ ਲਈ ਨਹੀਂ ਆਇਆ। ਉਹ ਹੰਕਾਰੀ ਸਿਆਸਤਦਾਨ ਜਨਤਾ ਤੋਂ ਦੂਰ ਰਹੇ ਅਤੇ ਅੱਜ ਉਹ ਪੰਜਾਬ ਸਰਕਾਰ ਵੱਲੋਂ ਕੀਤੇ ਜਾ ਰਹੇ ਹਰ ਲੋਕ-ਪੱਖੀ ਉਪਰਾਲਿਆਂ ਤੋਂ ਹੈਰਾਨ ਹਨ।”

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਵੱਲੋਂ ਨਾਗਰਿਕ-ਕੇਂਦ੍ਰਿਤ ਅਤੇ ਵਿਕਾਸ-ਕੇਂਦ੍ਰਿਤ ਨੀਤੀਆਂ ਲੋਕਾਂ ਦੀ ਫੀਡਬੈਕ ਉਪਰੰਤ ਬਣਾਈਆਂ ਜਾ ਰਹੀਆਂ ਹਨ ਹੈ। ਉਨ੍ਹਾਂ ਕਿਹਾ, "ਵਿਰੋਧੀ ਧਿਰ ਝੂਠੀ ਅਤੇ ਅਪਮਾਨਜਨਕ ਬਿਆਨਬਾਜ਼ੀ ਰਾਹੀਂ ਲੋਕਾਂ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕਰ ਰਹੀ ਹੈ ਪਰ ਪੰਜਾਬੀ ਇੰਨੇ ਸਿਆਣੇ ਹਨ ਕਿ ਇਨ੍ਹਾਂ ਆਗੂਆਂ ਦੇ ਸ਼ੱਕੀ ਅਤੇ ਚਾਲਾਂ ਖੇਡਣ ਵਾਲੇ ਕਿਰਦਾਰ ਤੋਂ ਚੰਗੀ ਤਰ੍ਹਾਂ ਜਾਣੂ ਹਨ। ਇਹ ਚਾਲਾਂ ਮੈਨੂੰ ਕਦੇ ਵੀ ਪੰਜਾਬ ਦੀ ਸੇਵਾ ਕਰਨ ਤੋਂ ਨਹੀਂ ਰੋਕ



ਸਕਦੀਆਂ।"

ਵਿਰੋਧੀ ਪਾਰਟੀਆਂ 'ਤੇ ਤਿੱਖਾ ਹਮਲਾ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਨ੍ਹਾਂ ਦਾ ਪੰਜਾਬ ਸਰਕਾਰ ਵਿਰੁੱਧ ਕੋਈ ਏਜੰਡਾ ਨਹੀਂ ਹੈ ਕਿਉਂਕਿ ਸਰਕਾਰ ਨੇ ਲੋਕ ਭਲਾਈ ਲਈ ਕਈ ਇਤਿਹਾਸਕ ਫੈਸਲੇ ਲਏ ਹਨ। ਅਕਾਲੀ ਦਲ ਦੀ ਨਿੰਦਾ ਕਰਦਿਆਂ ਉਨ੍ਹਾਂ ਕਿਹਾ ਕਿ ਪਾਰਟੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀਆਂ ਘਟਨਾਵਾਂ ਰਾਹੀਂ ਪੰਜਾਬੀਆਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਈ ਹੈ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਅਕਾਲੀਆਂ ਨੂੰ ਪਾਈ ਗਈ ਹਰ ਵੋਟ ਗੁਰੂ ਅਤੇ ਗੁਰਬਾਣੀ ਦੀ ਬੇਅਦਬੀ ਦੇ ਹੱਕ ਵਿੱਚ ਫਤਵਾ ਹੋਵੇਗੀ। ਉਨ੍ਹਾਂ ਨੇ ਮਹਾਨ ਗੁਰੂਆਂ ਦੀ ਬਾਣੀ ਦਾ ਨਿਰਾਦਰ ਕੀਤਾ ਅਤੇ ਬਹਿਬਲ ਕਲਾਂ ਅਤੇ ਬਰਗਾੜੀ ਵਿੱਚ ਨਿਰਦੋਸ਼ ਲੋਕਾਂ 'ਤੇ ਗੋਲੀਬਾਰੀ ਦਾ ਹੁਕਮ ਦਿੱਤਾ। ਉਨ੍ਹਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਵੀ ਘੋਰ ਨਿਰਾਦਰ ਕੀਤਾ।"

ਸੁਖਬੀਰ ਬਾਦਲ ਦੇ ਅਕਾਲੀ ਸ਼ਾਸਨ ਦੌਰਾਨ ਵਿਕਾਸ ਦੇ ਦਾਅਵਿਆਂ ਦਾ ਹਵਾਲਾ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਅਕਾਲੀ ਆਗੂਆਂ ਨੇ ਕੋਟਕਪੂਰਾ, ਬਹਿਬਲ ਕਲਾਂ ਅਤੇ ਬਰਗਾੜੀ ਵਿਖੇ ਵਾਪਰੀਆਂ ਦਰਦਨਾਕ ਘਟਨਾਵਾਂ ਨੂੰ ਆਸਾਨੀ ਨਾਲ ਨਜ਼ਰਅੰਦਾਜ਼ ਕਰ ਦਿੱਤਾ ਜਿੱਥੇ ਬੇਅਦਬੀ ਦੀਆਂ ਘਟਨਾਵਾਂ ਵਾਪਰੀਆਂ ਅਤੇ ਮਾਸੂਮ ਲੋਕਾਂ ਨੇ ਆਪਣੀਆਂ ਜਾਨਾਂ ਗੁਆ ਦਿੱਤੀਆਂ। ਉਨ੍ਹਾਂ ਕਿਹਾ, “ਅਕਾਲੀਆਂ ਨੇ ਪੰਜਾਬ ਨੂੰ ਬੁਰੀ ਤਰ੍ਹਾਂ ਲੁੱਟਿਆ, ਪੰਜਾਬੀਆਂ ਨੂੰ ਭਾਵਨਾਤਮਕ ਤੌਰ 'ਤੇ ਠੇਸ ਪਹੁੰਚਾਈ ਅਤੇ ਸੂਬੇ ਵਿੱਚ ਮਾਫੀਆ ਨੂੰ ਸਰਪ੍ਰਸਤੀ ਦਿੱਤੀ। ਅਕਾਲੀਆਂ ਨੂੰ ਹਰ ਵੋਟ ਬੇਅਦਬੀ ਦੇ ਹੱਕ ਵਿੱਚ ਫਤਵਾ ਹੋਵੇਗਾ।”

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਅਕਾਲੀ ਲੀਡਰਸ਼ਿਪ ਨੂੰ ਕਦੇ ਵੀ ਮੁਆਫ਼ ਨਹੀਂ ਕੀਤਾ ਜਾ ਸਕਦਾ ਕਿਉਂਕਿ ਇਸਨੇ ਆਪਣੇ ਕਾਰਜਕਾਲ ਦੌਰਾਨ ਨਸ਼ਿਆਂ ਦੇ ਵਪਾਰ ਨੂੰ ਸਰਪ੍ਰਸਤੀ ਦਿੱਤੀ, ਜਿਸ ਨਾਲ ਪੰਜਾਬ ਦੀਆਂ ਨੌਜਵਾਨ ਪੀੜ੍ਹੀਆਂ ਤਬਾਹ ਹੋ ਗਈਆਂ। ਉਨ੍ਹਾਂ ਕਿਹਾ, “ਇਹ ਲੋਕ ਕਈ ਪੀੜ੍ਹੀਆਂ ਦੀ ਨਸਲਕੁਸ਼ੀ ਲਈ ਜ਼ਿੰਮੇਵਾਰ ਹਨ ਕਿਉਂਕਿ ਉਨ੍ਹਾਂ ਦੇ ਕੁਸ਼ਾਸਨ ਦੇ ਲੰਬੇ ਦੌਰ ਦੌਰਾਨ ਉਨ੍ਹਾਂ ਦੀ ਸੁਰੱਖਿਆ ਹੇਠ ਨਸ਼ਿਆਂ ਦੇ ਕਾਰੋਬਾਰ ਨੇ ਪੈਰ ਪਸਾਰੇ ਸਨ।”

ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧਨਾ) ਐਕਟ, 2026 ਦੇ ਪਾਸ ਹੋਣ 'ਤੇ ਚਾਨਣਾ ਪਾਉਂਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਸਰਬਸੰਮਤੀ ਨਾਲ ਇੱਕ ਇਤਿਹਾਸਕ ਕਾਨੂੰਨ ਪਾਸ ਕੀਤਾ ਹੈ ਜਿਸ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਲਈ ਸਖ਼ਤ ਸਜ਼ਾ ਨੂੰ ਯਕੀਨੀ ਬਣਾਇਆ ਗਿਆ ਹੈ। ਉਨ੍ਹਾਂ ਕਿਹਾ, “ਅਸੀਂ ਖੁਸ਼ਕਿਸਮਤ ਹਾਂ ਕਿ ਵਾਹਿਗੁਰੂ ਨੇ ਸਾਨੂੰ ਇਸ ਇਤਿਹਾਸਕ ਐਕਟ ਨੂੰ ਸਰਬਸੰਮਤੀ ਨਾਲ ਪਾਸ ਕਰਨ ਦੀ ਜ਼ਿੰਮੇਵਾਰੀ ਸੌਂਪੀ ਹੈ। ਇਹ ਕਾਨੂੰਨ ਇਹ ਯਕੀਨੀ ਬਣਾਏਗਾ ਕਿ ਭਵਿੱਖ ਵਿੱਚ ਕੋਈ ਵੀ ਬੇਅਦਬੀ ਕਰਨ ਦੀ ਹਿੰਮਤ ਨਾ ਕਰੇ। ਇਸ ਨਾ-ਮੁਆਫੀਯੋਗ ਅਪਰਾਧ ਦਾ ਦੋਸ਼ੀ ਪਾਏ ਜਾਣ ਵਾਲੇ ਕਿਸੇ ਵੀ ਵਿਅਕਤੀ ਨੂੰ ਮਿਸਾਲੀ ਸਜ਼ਾ ਦਿੱਤੀ ਜਾਵੇਗੀ ਅਤੇ ਦੋਸ਼ੀ ਨੂੰ ਕਿਸੇ ਵੀ ਕੀਮਤ 'ਤੇ ਬਖਸ਼ਿਆ ਨਹੀਂ ਜਾਵੇਗਾ।”

ਮੁੱਖ ਮੰਤਰੀ ਨੇ ਕਿਹਾ ਕਿ ਦੁਨੀਆ ਭਰ ਦੇ ਲੋਕ ਇਸ ਕਾਨੂੰਨ ਨੂੰ ਲਾਗੂ ਕਰਨ ਲਈ ਪੰਜਾਬ ਸਰਕਾਰ ਦੀ ਸ਼ਲਾਘਾ ਅਤੇ ਧੰਨਵਾਦ ਕਰ ਰਹੇ ਹਨ। ਅਕਾਲੀ ਲੀਡਰਸ਼ਿਪ 'ਤੇ ਦੁਬਾਰਾ ਨਿਸ਼ਾਨਾ ਸਾਧਦਿਆਂ ਉਨ੍ਹਾਂ ਕਿਹਾ ਕਿ ਕਾਨੂੰਨ ਦਾ ਵਿਰੋਧ ਕਰਨ ਵਾਲੇ ਕੁਝ ਆਗੂ ਅਜਿਹਾ ਇਸ ਲਈ ਕਰ ਰਹੇ ਹਨ ਕਿਉਂਕਿ ਉਹ ਜਾਣਦੇ ਸਨ ਕਿ ਉਨ੍ਹਾਂ ਦੇ ਮਾਲਕਾਂ ਨੂੰ ਬੇਅਦਬੀ ਦੀਆਂ ਘਟਨਾਵਾਂ ਵਿੱਚ ਆਪਣੀ ਸ਼ਮੂਲੀਅਤ ਲਈ ਜਵਾਬਦੇਹੀ ਦਾ ਸਾਹਮਣਾ ਕਰਨਾ ਪਵੇਗਾ। ਉਨ੍ਹਾਂ ਕਿਹਾ, “ਇਹ ਮੌਕਾਪ੍ਰਸਤ ਆਗੂ ਆਪਣੀ ਸਹੂਲਤ ਅਤੇ ਨਿੱਜੀ ਰਾਜਨੀਤਿਕ ਹਿੱਤਾਂ ਅਨੁਸਾਰ ਗਿਰਗਿਟ ਵਾਂਗ ਰੰਗ ਬਦਲਦੇ ਹਨ। ਬਾਦਲ ਪਰਿਵਾਰ ਦੇ ਸਾਥੀ ਇਸ ਐਕਟ ਦਾ ਵਿਰੋਧ ਕਰ ਰਹੇ ਹਨ ਕਿਉਂਕਿ ਉਹ ਜਾਣਦੇ ਹਨ ਕਿ ਉਨ੍ਹਾਂ ਦੇ ਮਾਲਕਾਂ ਨੂੰ ਉਨ੍ਹਾਂ ਦੇ ਕੰਮਾਂ ਦੇ ਨਤੀਜੇ ਭੁਗਤਣੇ ਪੈਣਗੇ।” ਉਨ੍ਹਾਂ ਅੱਗੇ ਕਿਹਾ ਕਿ ਬਾਦਲ ਪਰਿਵਾਰ ਦੇ ਹੱਥ ਦੇਸ਼ ਭਗਤਾਂ ਦੇ ਖੂਨ ਨਾਲ ਰੰਗੇ ਹੋਏ ਹਨ ਅਤੇ ਪੰਜਾਬ ਦੇ ਹਿੱਤਾਂ ਨਾਲ ਉਨ੍ਹਾਂ ਦੇ ਵਿਸ਼ਵਾਸਘਾਤ ਨੂੰ ਕਦੇ ਵੀ ਮੁਆਫ਼ ਨਹੀਂ ਕੀਤਾ ਜਾ ਸਕਦਾ।

ਕਾਂਗਰਸ ‘ਤੇ ਨਿਸ਼ਾਨਾ ਸਾਧਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਹਰ ਕਾਂਗਰਸੀ ਆਗੂ ਮੁੱਖ ਮੰਤਰੀ ਬਣਨਾ ਚਾਹੁੰਦਾ ਹੈ ਅਤੇ ਪਾਰਟੀ ਵਿੱਚ ਆਮ ਵਰਕਰਾਂ ਨਾਲੋਂ ਵੱਧ ਮੁੱਖ ਮੰਤਰੀ ਬਣਨ ਦੇ ਚਾਹਵਾਨ ਹਨ। ਉਨ੍ਹਾਂ ਕਿਹਾ, "ਕਾਂਗਰਸ ਇੱਕ ਵੰਡਿਆ ਹੋਇਆ ਘਰ ਹੈ ਅਤੇ ਇਸਦੀ ਅੰਦਰੂਨੀ ਲੜਾਈ ਹੀ ਇਸਨੂੰ ਤਬਾਹ ਕਰ ਦੇਵੇਗੀ। ਉਨ੍ਹਾਂ ਦੇ ਆਗੂ ਸੱਤਾ ਵਿੱਚ ਆਉਣ ਦੇ ਸੁਪਨੇ ਦੇਖ ਰਹੇ ਹਨ ਪਰ ਪੰਜਾਬੀ ਉਨ੍ਹਾਂ ਦੀ ਅਸਲੀਅਤ ਤੋਂ ਪੂਰੀ ਤਰ੍ਹਾਂ ਜਾਣੂ ਹਨ।"

ਮੁੱਖ ਮੰਤਰੀ ਨੇ ਕਿਹਾ ਕਿ ਲੋਕਾਂ ਤੋਂ ਇਕੱਠਾ ਕੀਤਾ ਟੈਕਸ ਦਾ ਪੈਸਾ ਲੋਕਾਂ ਦਾ ਹੈ ਅਤੇ ਪੰਜਾਬ ਸਰਕਾਰ ਇਸਨੂੰ ਇਮਾਨਦਾਰੀ ਨਾਲ ਭਲਾਈ ਪਹਿਲਕਦਮੀਆਂ 'ਤੇ ਖਰਚ ਕਰ ਰਹੀ ਹੈ। "ਲੋਕਾਂ ਦਾ ਪੈਸਾ ਹੁਣ ਵਿਕਾਸ, ਸਕੂਲਾਂ, ਹਸਪਤਾਲਾਂ ਅਤੇ ਸੜਕਾਂ ਰਾਹੀਂ ਲੋਕਾਂ ਨੂੰ ਵਾਪਸ ਕੀਤਾ ਜਾ ਰਿਹਾ ਹੈ। 90 ਫੀਸਦ ਘਰਾਂ ਨੂੰ ਮੁਫ਼ਤ ਬਿਜਲੀ ਮਿਲ ਰਹੀ ਹੈ। 65,000 ਤੋਂ ਵੱਧ ਨੌਜਵਾਨਾਂ ਨੂੰ ਭ੍ਰਿਸ਼ਟਾਚਾਰ ਤੋਂ ਬਿਨਾਂ ਸਰਕਾਰੀ ਨੌਕਰੀਆਂ ਦਿੱਤੀਆਂ ਗਈਆਂ ਹਨ। ਸੜਕਾਂ ਵਿੱਚ ਸੁਧਾਰ ਹੋ ਰਿਹਾ ਹੈ, ਮਿਆਦ ਪੁਗਾ ਚੁੱਕੇ ਟੋਲ ਪਲਾਜ਼ੇ ਬੰਦ ਕੀਤੇ ਗਏ ਹਨ ਜਿਸ ਨਾਲ ਲੋਕਾਂ ਦੇ ਰੋਜ਼ਾਨਾ 70 ਲੱਖ ਰੁਪਏ ਦੀ ਬਚਤ ਹੋ ਰਹੀ ਹੈ ਅਤੇ ਪੰਜਾਬ ਭਰ ਵਿੱਚ ਬੁਨਿਆਦੀ ਢਾਂਚੇ ਨੂੰ ਮਜ਼ਬੂਤੀ ਦਿੱਤੀ ਜਾ ਰਹੀ ਹੈ।

ਉਨ੍ਹਾਂ ਕਿਹਾ ਕਿ ਜਦੋਂ ਮੌਜੂਦਾ ਸਰਕਾਰ ਨੇ ਸੱਤਾ ਸੰਭਾਲੀ ਸੀ, ਪੰਜਾਬ ਵਿੱਚ ਸਿੰਚਾਈ ਲਈ ਸਿਰਫ 22 ਫੀਸਦ ਨਹਿਰੀ ਪਾਣੀ ਦੀ ਵਰਤੋਂ ਕੀਤੀ ਜਾ ਰਹੀ ਸੀ, ਪਰ ਹੁਣ ਇਹ ਵੱਧ ਕੇ 80 ਫੀਸਦ ਤੋਂ ਵੱਧ ਹੋ ਗਈ ਹੈ। "ਆਪ ਸਰਕਾਰ ਨੇ ਪੰਜਾਬ ਭਰ ਵਿੱਚ 14,000 ਕਿਲੋਮੀਟਰ ਪਾਈਪਲਾਈਨਾਂ ਵਿਛਾਉਣ ਦੇ ਨਾਲ-ਨਾਲ ਜਲਮਾਰਗਾਂ ਨੂੰ ਮਜ਼ਬੂਤ ਅਤੇ ਸੁਰਜੀਤ ਕੀਤਾ ਹੈ। ਕਿਸਾਨਾਂ ਨੂੰ ਲਾਭ ਪਹੁੰਚਾਉਣ ਅਤੇ ਸਿੰਚਾਈ ਲੋੜਾਂ ਨੂੰ ਪੂਰਾ ਕਰਨ ਲਈ ਇਨ੍ਹਾਂ ਜਲਮਾਰਗਾਂ ਰਾਹੀਂ ਲਗਭਗ 21,000 ਕਿਊਸਿਕ ਪਾਣੀ ਛੱਡਿਆ ਗਿਆ ਹੈ। ਇਹ ਦੋ ਭਾਖੜਾ ਨਹਿਰਾਂ ਦੀ ਸਪਲਾਈ ਦੇ ਬਰਾਬਰ ਹੈ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਧਰਤੀ ਹੇਠਲੇ ਪਾਣੀ ਦੇ ਪੱਧਰ ‘ਚ ਸੁਧਾਰ ਲਈ ਨਹਿਰਾਂ ਅਤੇ ਦਰਿਆਵਾਂ ਵਿੱਚ ਰੀਚਾਰਜ ਪੁਆਇੰਟ ਵੀ ਵਿਕਸਤ ਕੀਤੇ ਗਏ ਹਨ। “ਇਨ੍ਹਾਂ ਯਤਨਾਂ ਸਦਕਾ ਪਾਣੀ ਦਾ ਪੱਧਰ ਦੋ ਤੋਂ ਚਾਰ ਮੀਟਰ ਵਧ ਗਿਆ ਹੈ। ਪੰਜਾਬ ਦਾ ਅਰਥ ਹੈ ਪਾਣੀ ਅਤੇ ਪਾਣੀ ਤੋਂ ਬਿਨਾਂ ਪੰਜਾਬ ਦੀ ਕੋਈ ਹੋਂਦ ਨਹੀਂ। ਇਨ੍ਹਾਂ ਪਹਿਲਕਦਮੀਆਂ ਦਾ ਉਦੇਸ਼ ਆਉਣ ਵਾਲੀਆਂ ਪੀੜ੍ਹੀਆਂ ਦੇ ਭਵਿੱਖ ਨੂੰ ਸੁਰੱਖਿਅਤ ਕਰਨਾ ਹੈ।

ਮੁੱਖ ਮੰਤਰੀ ਨੇ ਜ਼ੋਰ ਦੇ ਕੇ ਕਿਹਾ ਕਿ ਸਿਰਫ਼ ਮੁਫ਼ਤ ਸਹੂਲਤਾਂ ਅਤੇ ਰਿਆਇਤਾਂ ਦੇਣ ਵਾਲੇ ਕਾਰਡ ਗਰੀਬੀ ਨੂੰ ਸਥਾਈ ਤੌਰ 'ਤੇ ਖਤਮ ਨਹੀਂ ਕਰ ਸਕਦੇ, ਇਹ ਸਿੱਖਿਆ ਹੀ ਹੈ ਜੋ ਸਮਾਜ ‘ਚ ਸੱਚਮੁੱਚ ਤਬਦੀਲੀ ਲਿਆ ਸਕਦੀ ਹੈ। “ਸਿੱਖਿਆ ਗਰੀਬੀ ਅਤੇ ਸਮਾਜਿਕ ਕੁਰੀਤੀਆਂ ਨੂੰ ਖਤਮ ਕਰਨ ਦੀ ਕੁੰਜੀ ਹੈ। ਇਹ ਜੀਵਨ ਪੱਧਰ ਨੂੰ ਉੱਚਾ ਚੁੱਕਦੀ ਹੈ ਅਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਸਸ਼ਕਤ ਬਣਾਉਂਦੀ ਹੈ।

ਸਿੱਖਿਆ ਵਿੱਚ ‘ਆਪ’ ਸਰਕਾਰ ਦੀਆਂ ਪ੍ਰਾਪਤੀਆਂ ਨੂੰ ਉਜਾਗਰ ਕਰਦੇ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਨੇ ਪ੍ਰਾਇਮਰੀ ਅਤੇ ਮਿਡਲ-ਸਕੂਲ ਸਿੱਖਿਆ ਵਿੱਚ ਪਹਿਲਾ ਦਰਜਾ ਹਾਸਲ ਕਰਕੇ ਕੇਰਲਾ, ਮਹਾਰਾਸ਼ਟਰ ਅਤੇ ਦਿੱਲੀ ਨੂੰ ਪਛਾੜ ਦਿੱਤਾ ਹੈ। “ਪਿਛਲੇ ਚਾਰ ਸਾਲਾਂ ਤੋਂ, ਸਾਡੀ ਸਰਕਾਰ ਨੇ ਅਧਿਆਪਕ ਸਿਖਲਾਈ, ਆਧੁਨਿਕ ਸਿੱਖਿਆ ਵਿਧੀਆਂ ਅਤੇ ਸਮਾਰਟ ਕਲਾਸਰੂਮਾਂ 'ਤੇ ਧਿਆਨ ਕੇਂਦਰਿਤ ਕੀਤਾ ਹੈ। ਪੰਜਾਬ ਨੇ ਆਪਣੀ ਸਿੱਖਿਆ ਪ੍ਰਣਾਲੀ ਨੂੰ ਮਜ਼ਬੂਤ ਕੀਤਾ ਹੈ ਅਤੇ ਅੱਜ ਨੀਤੀ ਆਯੋਗ ਦੇ ਅੰਕੜੇ ਦਰਸਾਉਂਦੇ ਹਨ ਕਿ ਪੰਜਾਬ ਕੇਰਲਾ, ਮਹਾਰਾਸ਼ਟਰ ਅਤੇ ਦਿੱਲੀ ਨੂੰ ਪਛਾੜ ਕੇ ਸਕੂਲ ਸਿੱਖਿਆ ਵਿੱਚ ਨੰਬਰ ਵਨ ਬਣ ਗਿਆ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸਿੱਖਿਆ ਉਹ ਚਿਰਾਗ ਹੈ ਜੋ ਸਮਾਜ ਵਿੱਚੋਂ ਹਨੇਰੇ ਨੂੰ ਦੂਰ ਕਰਦੀ ਹੈ ਅਤੇ ਇਸ ਲਈ ‘ਆਪ’ ਸਰਕਾਰ ਇਸ ਖੇਤਰ ਨੂੰ ਸਭ ਤੋਂ ਵੱਧ ਤਰਜੀਹ ਦੇ ਰਹੀ ਹੈ। “ਪਹਿਲਾਂ ਕੇਰਲਾ ਸਭ ਤੋਂ ਉੱਪਰ ਸੀ, ਪਰ ਹੁਣ ਪੰਜਾਬ ਵੱਡੇ ਫਰਕ ਨਾਲ ਪਹਿਲੇ ਸਥਾਨ 'ਤੇ ਕਾਬਜ਼ ਹੋ ਗਿਆ ਹੈ ਅਤੇ ਅਸੀਂ ਲਗਾਤਾਰ ਸੁਧਾਰ ਕਰਦੇ ਰਹਾਂਗੇ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਗੇ ਕਿਹਾ ਕਿ 'ਆਪ' ਸਰਕਾਰ ਨੇ ਮੁੱਖ ਮੰਤਰੀ ਸਿਹਤ ਯੋਜਨਾ ਸ਼ੁਰੂ ਕੀਤੀ ਹੈ ਜਿਸ ਤਹਿਤ ਪੰਜਾਬ ਦੇ ਸਾਰੇ 65 ਲੱਖ ਪਰਿਵਾਰਾਂ ਨੂੰ ਸਿਹਤ ਕਾਰਡ ਜਾਰੀ ਕੀਤੇ ਜਾ ਰਹੇ ਹਨ। “ਇਸ ਯੋਜਨਾ ਤਹਿਤ ਹਰੇਕ ਪਰਿਵਾਰ 10 ਲੱਖ ਰੁਪਏ ਤੱਕ ਦੇ ਮੁਫ਼ਤ ਇਲਾਜ ਦਾ ਹੱਕਦਾਰ ਹੈ। 30 ਲੱਖ ਤੋਂ ਵੱਧ ਲਾਭਪਾਤਰੀ ਪਹਿਲਾਂ ਹੀ ਸਿਹਤ ਕਾਰਡ ਬਣਵਾ ਚੁੱਕੇ ਹਨ ਅਤੇ ਹੁਣ ਤੱਕ ਲਗਭਗ 1.65 ਲੱਖ ਲੋਕਾਂ ਨੇ ਮੁਫ਼ਤ ਇਲਾਜ ਦਾ ਲਾਭ ਲਿਆ ਹੈ।

ਮੁੱਖ ਮੰਤਰੀ ਨੇ ਲੋਕਾਂ ਨੂੰ ਇਸ ਯੋਜਨਾ ਦਾ ਵੱਧ ਤੋਂ ਵੱਧ ਲਾਭ ਉਠਾਉਣ ਦੀ ਅਪੀਲ ਕੀਤੀ ਅਤੇ ਕਿਹਾ ਕਿ ਪੰਜਾਬ ਦੇ ਇਤਿਹਾਸ ਵਿੱਚ ਪਹਿਲੀ ਵਾਰ ਝੋਨੇ ਦੇ ਸੀਜ਼ਨ ਦੌਰਾਨ ਖੇਤੀਬਾੜੀ ਮੋਟਰਾਂ ਨੂੰ ਅੱਠ ਘੰਟੇ ਤੋਂ ਵੱਧ ਨਿਰਵਿਘਨ ਬਿਜਲੀ ਸਪਲਾਈ ਦਿੱਤੀ ਜਾ ਰਹੀ ਹੈ। “ਕਿਸਾਨਾਂ ਨੂੰ ਹੁਣ ਪਹਿਲੀ ਵਾਰ ਸਿੰਚਾਈ ਲਈ ਦਿਨ ਵੇਲੇ ਬਿਜਲੀ ਮਿਲ ਰਹੀ ਹੈ, ਜਿਸ ਨਾਲ ਉਨ੍ਹਾਂ ਦੀ ਜ਼ਿੰਦਗੀ ਬਦਲ ਗਈ ਹੈ।

ਮਾਵਾਂ ਧੀਆਂ ਸਤਿਕਾਰ ਯੋਜਨਾ ਬਾਰੇ ਗੱਲ ਕਰਦਿਆਂ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਨੇ 18 ਸਾਲ ਤੋਂ ਵੱਧ ਉਮਰ ਦੀਆਂ ਆਮ ਸ਼੍ਰੇਣੀਆਂ ਦੇ ਪਰਿਵਾਰਾਂ ਨਾਲ ਸਬੰਧਤ ਔਰਤਾਂ ਨੂੰ 1,000 ਰੁਪਏ ਪ੍ਰਤੀ ਮਹੀਨਾ ਅਤੇ ਅਨੁਸੂਚਿਤ ਜਾਤੀ ਸ਼੍ਰੇਣੀ ਦੀਆਂ ਔਰਤਾਂ ਨੂੰ 1,500 ਰੁਪਏ ਪ੍ਰਤੀ ਮਹੀਨਾ ਦੇਣਾ ਸ਼ੁਰੂ ਕਰ ਦਿੱਤਾ ਹੈ।

“ਇਹ ਲੋਕ ਮਿਲਣੀ ਕੋਈ ਰਾਜਨੀਤਿਕ ਸਮਾਗਮ ਨਹੀਂ ਹੈ ਸਗੋਂ ਲੋਕਾਂ ਨਾਲ ਸਿੱਧੇ ਤੌਰ 'ਤੇ ਗੱਲਬਾਤ ਕਰਨ ਦਾ ਇੱਕ ਪਲੇਟਫਾਰਮ ਹੈ।



# 2026 VOTE



## CHRISTINE BISH CONGRESS

It's time for a change, and Christine Bish is the leader we need.
VOTE for Christine Bish and let's make Sacramento County a better place for all of us.


**REPUBLICAN CANDIDATE FOR CALIFORNIA**

TUESDAY JUNE 2 2026

- Paid for by Bish for Congress FEC#C00721548

**www.BishforCongress.com**


A Kimi Verma Production in collaboration with TV Asia
APPLY NOW
Miss & Mrs Punjaban USA 2026
Miss & Mrs India Global USA 2026
Beauty - Brains - Personality
(Participation, Tickets & Tables)
Call/ Text for info: 530-650-2777
31st
May
Sunday
Red Carpet
02:00 pm
Show Time
03:00 pm
Tables & Tickets
Text/ Call 530-650-2777
TITLES YOU CAN WIN:
- Miss Punjaban USA (18 to 39 yrs old)
- Mrs. Punjaban USA ( 21 to 59)
- Miss India Global USA ( 18 to 39 yrs old)
- Mrs. India Global USA (21 to 59 yrs old)
- Grace of Punjab (60+yrs)
- Grace of India (60+ yrs)
BOLLYWOOD DANCE PARTY 6:00 PM
Scan QR Code for Registration
kimi.verma
DoubleTree by HILTON Los Angeles-Norwalk-Buena Park, 13111 Sycamore Drive, Norwalk, CA 90650


Pal Films Production
RED PRO 5.0
RED
All Your Photo/Videography &
Post Production needs Under One Roof
PF
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
(925) 489-3400, (341) 356-1517
palfilms925@gmail.com
www.thepalfilms.com

# ਤਿਰੰਗਾ ਮੁਸਕਰਾਉਣ ਲੱਗ ਪਿਆ

ਉਸ ਰੋਜ਼ ਸਵੇਰੇ, ਜਦੋਂ ਵਿਵੇਕ ਉੱਠਿਆ ਤਾਂ ਸਭ ਤੋਂ ਪਹਿਲਾਂ ਉਸਨੇ ਆਪਣਾ ਸਿਰਹਾਣਾ ਚੁੱਕਿਆ ਅਤੇ ਉਸਦੇ ਹੇਠਾਂ ਵੇਖਿਆ, ਪਰ ਉਹ ਹੈਰਾਨ ਹੋ ਗਿਆ ਕਿ ਉੱਥੇ ਕੁਝ ਵੀ ਨਹੀਂ ਸੀ।

"ਹਾਇ ਰੱਬਾ! ਉਹ ਕਿੱਥੇ ਗਿਆ? ਮੈਂ ਉਸਨੂੰ ਕੱਲ੍ਹ ਰਾਤ ਇੱਥੇ ਹੀ ਛੱਡਿਆ ਸੀ।" ਉਸਨੇ ਸਿਰਹਾਣੇ ਨੂੰ ਕਈ ਵਾਰ ਧੂੜ ਦਿੱਤੀ, ਬਿਸਤਰੇ ਦੇ ਉੱਪਰ ਅਤੇ ਹੇਠਾਂ ਵੇਖਿਆ, ਪਰ ਉਹ ਕਿਤੇ ਨਹੀਂ ਮਿਲਿਆ।

"ਉਹ ਕਿੱਥੇ ਗਿਆ?" ਵਿਵੇਕ ਬੁੜਬੁੜਾਉਂਦੇ ਹੋਏ ਕਮਰੇ ਦੀ ਭਾਲ ਕਰ ਰਿਹਾ ਸੀ।

ਉਦੋਂ ਹੀ, ਉਸਦੀ ਨਜ਼ਰ ਆਪਣੀ ਕਿਤਾਬਾਂ ਦੀ ਅਲਮਾਰੀ 'ਤੇ ਪਈ, ਅਤੇ ਉਸਦੀਆਂ ਅੱਖਾਂ ਲਸ਼ਕਣ ਲੱਗ ਪਈਆਂ।

"ਤਾਂ, ਸਰ ਜੀ, ਤੁਸੀਂ ਇੱਥੇ ਬੈਠੇ ਹੋ!" ਉਸਨੇ ਕਿਤਾਬਾਂ ਦੀ ਅਲਮਾਰੀ ਵਿੱਚ ਕਿਤਾਬਾਂ ਦੇ ਵਿਚਕਾਰ ਪਏ ਝੰਡੇ ਨੂੰ ਫੜਨ ਲਈ ਭੱਜਦੇ ਹੋਏ ਕਿਹਾ।

"ਤੁਸੀਂ ਮੈਨੂੰ ਨਾ ਛੂਹੋ। ਤੁਸੀਂ ਹੁਣੇ ਉੱਠੇ ਹੋ। ਪਹਿਲਾਂ ਹੱਥ-ਮੂੰਹ ਧੋਵੋ, ਫਿਰ ਮੈਨੂੰ ਹੱਥ ਲਗਾਓ," ਝੰਡੇ ਨੇ ਮੂੰਹ ਚੜ੍ਹਾ ਕੇ ਕਿਹਾ।

ਝੰਡੇ ਦੀ ਆਵਾਜ਼ ਸੁਣ ਕੇ, ਵਿਵੇਕ ਰੁਕ ਗਿਆ ਅਤੇ ਕਿਹਾ, "ਹਾਂ, ਹਾਂ, ਧੋ ਕੇ ਆਉਂਦਾ ਹਾਂ, ਪਰ ਪਹਿਲਾਂ, ਮੈਨੂੰ ਦੱਸੋ ਕਿ ਤੁਸੀਂ ਇੱਥੇ ਕਿਵੇਂ ਆਏ? ਮੈਂ ਤੁਹਾਨੂੰ ਸਿਰਹਾਣੇ ਹੇਠਾਂ ਛੱਡਿਆ ਸੀ, ਹੈ ਨਾ?"

"ਛੀ! ਕੀ ਉਹ ਵੀ ਕੋਈ ਥਾਂ ਹੈ ਮੈਨੂੰ ਰੱਖਣ ਦੀ? ਤੁਹਾਨੂੰ ਮੇਰਾ ਸਤਿਕਾਰ ਕਰਨਾ ਚਾਹੀਦਾ ਹੈ, ਮੈਂ ਰਾਸ਼ਟਰੀ ਝੰਡਾ ਹਾਂ। ਉਹ ਮੈਨੂੰ ਰੱਖਣ ਦੀ ਸਹੀ ਜਗ੍ਹਾ ਨਹੀਂ ਸੀ, ਇਸ ਲਈ ਮੈਂ ਉੱਥੋਂ ਉੱਠ ਕੇ ਅਲਮਾਰੀ ਵੱਲ ਗਿਆ," ਝੰਡੇ ਨੇ ਗੁੱਸੇ ਨਾਲ ਕਿਹਾ।

"ਕੀ ਤੁਸੀਂ ਜਾਣਦੇ ਹੋ ਕਿ ਮੈਂ ਕੱਲ੍ਹ ਰਾਤ ਤੁਹਾਨੂੰ ਬਣਾਉਣ ਲਈ ਕਿੰਨੀ ਮਿਹਨਤ ਕੀਤੀ? ਮੈਂ ਅੱਧੀ ਰਾਤ ਤੱਕ ਕੰਮ ਕੀਤਾ। ਮੈਨੂੰ ਡਰ ਸੀ ਕਿ ਤੁਸੀਂ ਗੁਆਚ ਜਾਓਗੇ, ਇਸ ਲਈ ਮੈਂ ਤੁਹਾਨੂੰ ਆਪਣੇ ਕੋਲ ਸੁਰੱਖਿਅਤ ਰੱਖਣਾ ਚਾਹੁੰਦਾ ਸੀ। ਤੁਹਾਨੂੰ ਇੰਨੀ ਛੋਟੀ ਜਿਹੀ ਗੱਲ 'ਤੇ ਪਰੇਸ਼ਾਨ ਨਹੀਂ ਹੋਣਾ ਚਾਹੀਦਾ।"

"ਮੈਂ ਤੁਹਾਡੀਆਂ ਹੋਰ ਬਹੁਤ ਸਾਰੀਆਂ ਗੱਲਾਂ ਤੋਂ ਪਰੇਸ਼ਾਨ ਹਾਂ। ਤੁਹਾਡਾ ਨਾਮ ਵਿਵੇਕ ਹੈ, ਪਰ ਤੁਹਾਡੇ ਵਿੱਚ ਸਿਆਣਪ ਬਿਲਕੁਲ ਵੀ ਨਹੀਂ ਹੈ।"

"ਕਿਉਂ, ਕੀ ਹੋਇਆ? ਮੈਂ ਕੀ ਕੀਤਾ ਹੈ?" ਵਿਵੇਕ ਨੇ ਹੰਝੂ ਭਰੇ ਹਾਵ-ਭਾਵ ਨਾਲ ਪੁੱਛਿਆ।

"ਓਹ! ਹੁਣ ਮੈਂ ਕਿਵੇਂ ਦੱਸਾਂ? ਤੁਹਾਨੂੰ ਪਤਾ ਹੈ, ਤੁਸੀਂ ਮੇਰੀ ਸ਼ਕਲ ਵੀ ਸਹੀ ਢੰਗ ਨਾਲ ਨਹੀਂ ਬਣਾਈ ਹੈ। ਮੈਂ ਇਸ ਤਰ੍ਹਾਂ ਬਹੁਤ ਬਦਸੂਰਤ ਦਿਖਦਾ ਹਾਂ," ਝੰਡਾ ਨੇ ਹੰਝੂ ਭਰਦੇ ਹੋਏ ਕਿਹਾ।

"ਨਹੀਂ, ਨਹੀਂ, ਮੈਂ ਤੁਹਾਨੂੰ ਬਹੁਤ ਪਿਆਰ ਨਾਲ ਬਣਾਇਆ ਹੈ। ਮੈਂ ਬਹੁਤ ਸੋਹਣਾ ਕੱਪੜਾ ਵਰਤਿਆ ਹੈ। ਫਿਰ ਤੁਸੀਂ ਬਦਸੂਰਤ ਕਿਵੇਂ ਹੋ ਗਏ?"

"ਦੇਖੋ, ਮੈਂ ਸਮਝਾਉਂਦਾ ਹਾਂ। ਤੁਸੀਂ ਮੇਰਾ ਲੰਬਾਈ-ਚੌੜਾਈ ਅਨੁਪਾਤ 2:1 ਰੱਖਿਆ ਹੈ, ਜਦੋਂ ਕਿ ਇਹ 3:2 ਹੋਣਾ ਚਾਹੀਦਾ ਸੀ। ਮੈਨੂੰ ਸਿਰਫ਼ ਖਾਦੀ ਪਸੰਦ ਹੈ, ਇਸ ਲਈ ਤੁਹਾਨੂੰ ਇਸ ਵੱਖਰੇ ਕਿਸਮ ਦੇ ਕੱਪੜੇ ਦੀ ਵਰਤੋਂ ਨਹੀਂ ਕਰਨੀ ਚਾਹੀਦੀ ਸੀ।"

ਝੰਡੇ ਦੀ ਗੱਲ ਸੁਣ ਕੇ ਵਿਵੇਕ ਨੇ ਕਿਹਾ, "ਜੇ ਅਜਿਹਾ ਹੈ, ਤਾਂ ਤੇ ਮੈਂ ਬਹੁਤ ਵੱਡੀ ਗਲਤੀ ਕੀਤੀ ਹੈ। ਪਰ ਤੁਹਾਡੇ ਤਿੰਨ ਰੰਗ ਤਾਂ ਬਿਲਕੁਲ ਠੀਕ ਹਨ - ਭਗਵਾ, ਚਿੱਟਾ ਅਤੇ ਹਰਾ, ਕਹੋ ਠੀਕ ਹਨ?"



ਝੰਡੇ ਨੇ ਜਵਾਬ ਦਿੱਤਾ, "ਹਾਂ, ਰੰਗ ਠੀਕ ਹੈ, ਪਰ ਹਰਾ ਥੋੜ੍ਹਾ ਗੂੜ੍ਹਾ ਹੋਣਾ ਸੀ। ਤੁਸੀਂ ਹਲਕੇ ਹਰੇ ਰੰਗ ਦੀ ਵਰਤੋਂ ਕਰਕੇ ਗਲਤੀ ਕੀਤੀ ਹੈ। ਹਾਂ, ਤੁਸੀਂ ਅਸ਼ੋਕ ਚੱਕਰ ਨੂੰ ਪੂਰੀ ਤਰ੍ਹਾਂ ਬਣਾਇਆ ਹੈ ਸਮੇਂ ਅਤੇ ਤਰੱਕੀ ਦਾ ਪ੍ਰਤੀਕ, ਗੂੜ੍ਹੇ ਨੀਲੇ ਰੰਗ ਵਿੱਚ 24 ਸਪੋਕਸ ਵਾਲਾ ਇੱਕ ਸੰਪੂਰਨ ਚੱਕਰ। ਤੁਸੀਂ ਜਾਣਦੇ ਹੋ, ਇਨ੍ਹਾਂ ਤਿੰਨ ਰੰਗਾਂ ਕਰਕੇ ਹੀ ਮੈਨੂੰ ਤਿਰੰਗਾ ਕਿਹਾ ਜਾਂਦਾ ਹੈ।"

ਤਿਰੰਗੇ ਦੀ ਗੱਲ ਸੁਣ ਕੇ, ਵਿਵੇਕ ਮਨ ਹੀ ਮਨ ਬਹੁਤ ਸ਼ਰਮਿੰਦਾ ਹੋਇਆ। ਉਸਨੂੰ ਮਹਿਸੂਸ ਹੋਇਆ ਕਿ ਉਸਨੇ ਇੱਕ ਵੱਡੀ ਗਲਤੀ ਕੀਤੀ ਹੈ ਅਤੇ ਉਸਨੂੰ ਝੰਡਾ ਬਣਾਉਂਦੇ ਸਮੇਂ ਇਹਨਾਂ ਸਾਰੀਆਂ ਗੱਲਾਂ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਸੀ।

ਫਿਰ ਵੀ, ਆਪਣੀ ਆਦਤ ਤੋਂ ਮਜਬੂਰ, ਉਸਨੇ ਝੰਡੇ ਨੂੰ ਦੋਸ਼ੀ ਠਹਿਰਾਉਂਦੇ ਹੋਏ ਕਿਹਾ, "ਤਿਰੰਗੇ ਭਰਾ, ਤੁਸੀਂ ਮੈਨੂੰ ਇਹ ਸਭ ਹੁਣ ਕਿਉਂ ਦੱਸ ਰਹੇ ਹੋ? ਤੁਸੀਂ ਇਹ ਸਭ ਮੈਨੂੰ ਕੱਲ੍ਹ ਰਾਤ ਵੀ ਦੱਸ ਸਕਦੇ ਸੀ ਜਦੋਂ ਮੈਂ ਤੁਹਾਨੂੰ ਬਣਾ ਰਿਹਾ?"

ਵਿਵੇਕ ਦੀਆਂ ਗੱਲਾਂ ਸੁਣ ਕੇ, ਤਿਰੰਗੇ ਨੇ ਹੱਸਣਾ ਸ਼ੁਰੂ ਕਰ ਦਿੱਤਾ ਅਤੇ ਕਿਹਾ, "ਵਾਹ ਭਈ ਵਾਹ! ਇਹ ਚੋਰ ਪੁਲਿਸ ਅਫਸਰ ਨੂੰ ਝਿੜਕ ਰਿਹਾ ਹੈ। ਕੀ ਤੁਹਾਨੂੰ ਇਹ ਪਤਾ ਨਹੀਂ ਹੈ ਕਿ ਮੈਂ ਸੂਰਜ ਡੁੱਬਣ ਤੋਂ ਬਾਅਦ ਆਰਾਮ ਕਰਦਾ ਹਾਂ? ਕੀ ਤੁਸੀਂ ਕਦੇ ਮੈਨੂੰ ਸ਼ਾਮ ਤੋਂ ਬਾਅਦ ਕਿਤੇ ਲਹਿਰਾਉਂਦੇ ਹੋਏ ਦੇਖਿਆ ਹੈ? ਉਹ ਮੇਰਾ ਸੌਣ ਦਾ ਸਮਾਂ ਸੀ, ਇਸ ਲਈ ਮੈਂ ਚੁੱਪ ਰਿਹਾ।"

ਤਿਰੰਗੇ ਨੇ ਸਹੀ ਕਿਹਾ ਸੀ। ਵਿਵੇਕ ਨੇ ਆਪਣੇ ਸ਼ਹਿਰ ਦੇ ਸਰਕਾਰੀ ਦਫ਼ਤਰਾਂ ਦੇ ਬਾਹਰ ਦੇਖਿਆ ਸੀ ਕਿ ਸੂਰਜ ਡੁੱਬਣ ਤੋਂ ਬਾਅਦ ਉੱਥੇ ਝੰਡਾ ਨਹੀਂ ਲਹਿਰਾਇਆ ਜਾਂਦਾ। ਹੁਣ, ਉਸਨੂੰ ਮਨ ਹੀ ਮਨ ਪਛਤਾਵਾ ਹੋਇਆ।

ਉਸਨੇ ਹੌਲੀ ਜਿਹੀ ਕਿਹਾ, "ਤਿਰੰਗੇ ਭਰਾ, ਤੁਸੀਂ ਸਾਡਾ ਸਨਮਾਨ ਹੋ। ਸਾਨੂੰ ਤੁਹਾਨੂੰ 15 ਅਗਸਤ ਨੂੰ ਸਾਡੇ ਸਕੂਲ ਵਿੱਚ ਲਹਿਰਾਉਣਾ ਹੈ। ਇਹ ਸਾਡੇ ਤੇ ਬਹੁਤ ਵੱਡਾ ਅਹਿਸਾਨ ਹੋਵੇਗਾ ਜੇਕਰ ਤੁਸੀਂ ਮੈਨੂੰ ਪਹਿਲਾਂ ਹੀ ਝੰਡਾ ਲਹਿਰਾਉਣ ਬਾਰੇ ਕੁਝ ਨਿਰਦੇਸ਼ ਦੇ ਦਿਉ।"

ਵਿਵੇਕ ਨੂੰ ਇੰਨੀ ਨਿਮਰਤਾ ਨਾਲ ਬੋਲਦੇ ਦੇਖ ਕੇ, ਝੰਡਾ ਖੁਸ਼ ਹੋ ਗਿਆ ਅਤੇ ਕਿਹਾ, "ਹਾਂ ਹੁਣ ਕੀਤੀ ਹੈ ਸਮਝਦਾਰੀ ਦੀ ਗੱਲ? ਠੀਕ ਹੈ, ਮੈਂ ਤੁਹਾਨੂੰ ਸਭ ਕੁਝ ਦੱਸਾਂਗਾ। ਧਿਆਨ ਨਾਲ ਸੁਣੋ।"

"ਜਦੋਂ ਮੈਨੂੰ ਲਹਿਰਾਇਆ ਜਾਂਦਾ ਹੈ, ਤਾਂ ਕੋਈ ਹੋਰ ਝੰਡਾ ਜਾਂ ਚਿੰਨ੍ਹ ਮੇਰੇ ਤੋਂ ਉੱਚਾ ਨਹੀਂ ਹੋਣਾ ਚਾਹੀਦਾ। ਜੇਕਰ ਉੱਥੇ ਕੋਈ ਹੋਰ ਝੰਡਾ ਲਹਿਰਾਉਣਾ ਹੈ, ਤਾਂ ਉਹ ਮੇਰੇ ਖੱਬੇ ਪਾਸੇ ਹੋਣਾ ਚਾਹੀਦਾ ਹੈ, ਕਦੇ ਵੀ ਮੇਰੇ ਸੱਜੇ ਪਾਸੇ ਨਹੀਂ। ਮੈਨੂੰ ਲਹਿਰਾਉਂਦੇ ਸਮੇਂ, ਮੇਰਾ ਭਗਵਾ ਰੰਗ ਉੱਪਰ ਹੋਣਾ ਚਾਹੀਦਾ ਹੈ ਅਤੇ ਹਰਾ ਰੰਗ ਹੇਠਾਂ ਹੋਣਾ ਚਾਹੀਦਾ ਹੈ। ਹਾਂ, ਇੱਕ ਹੋਰ ਗੱਲ: ਮੈਨੂੰ ਫਟੀ ਹੋਈ ਜਾਂ ਝੁਰੜੀਆਂ ਵਾਲੀ ਹਾਲਤ ਵਿੱਚ ਲਹਿਰਾਉਣਾ ਮੇਰਾ ਅਪਮਾਨ ਹੈ। ਜੇਕਰ ਤੁਸੀਂ ਮੇਰਾ ਧਿਆਨ
ਰੱਖੋਗੇ ਤਾਂ ਹੀ ਮੈਂ ਸੁਰੱਖਿਅਤ ਅਤੇ ਸਾਫ਼ ਰਹਾਂਗਾ। ਮੈਨੂੰ ਕਿਤੇ ਵੀ ਛੱਡਣ ਨਾਲ ਮੈਂ ਗੰਦਾ ਜਾਂ ਝੁਰੜੀਆਂ ਵਾਲਾ ਹੋ ਸਕਦਾ ਹਾਂ।"

"ਹੁਣ ਮੈਨੂੰ ਇਹ ਵੀ ਸਮਝ ਆ ਗਿਆ ਕਿ ਤੁਸੀਂ ਸਿਰਹਾਣੇ ਹੇਠੋਂ ਖਿਸਕ ਕੇ ਅਲਮਾਰੀ ਵਿੱਚ ਕਿਉਂ ਚਲੇ ਗਏ," ਵਿਵੇਕ ਨੇ ਕਿਹਾ।

ਝੰਡੇ ਦੀਆਂ ਗੱਲਾਂ ਸੁਣ ਕੇ ਵਿਵੇਕ ਸ਼ਰਮ ਨਾਲ ਭਰ ਗਿਆ। ਉਸਨੇ ਫਿਰ ਕਿਹਾ, "ਮੈਨੂੰ ਮਾਫ਼ ਕਰ ਦਿਓ ਝੰਡੇ ਭਰਾਵਾ। ਮੈਨੂੰ ਇਨ੍ਹਾਂ ਸਭ ਗੱਲਾਂ ਦਾ ਪਤਾ ਨਹੀਂ ਸੀ। ਮੈਂ ਦੁਬਾਰਾ ਅਜਿਹਾ ਨਹੀਂ ਕਰਾਂਗਾ। ਮੈਂ ਤੁਹਾਨੂੰ ਲਹਿਰਾਉਂਦੇ ਸਮੇਂ ਤੁਹਾਡੀਆਂ ਸਾਰੀਆਂ ਹਦਾਇਤਾਂ ਦੀ ਪਾਲਣਾ ਕਰਾਂਗਾ।"

"ਪਰ ਮੇਰੇ ਆਕਾਰ ਦਾ ਕੀ?" ਤਿਰੰਗੇ ਨੇ ਚਿੰਤਾ ਨਾਲ ਪੁੱਛਿਆ।

"ਚਿੰਤਾ ਨਾ ਕਰੋ। ਮੈਂ ਬੈਠ ਕੇ ਇਸਨੂੰ ਸਹੀ ਅਨੁਪਾਤ ਵਿੱਚ ਐਡਜਸਟ ਕਰਾਂਗਾ। ਫਿਰ ਤੁਸੀਂ ਮੇਰੇ ਨਾਲ ਗੁੱਸਾ ਨਹੀਂ ਹੋਵੋਗੇ ਨਾ?

"ਕਦੇ ਨਹੀਂ। ਮੈਂ ਹਮੇਸ਼ਾ ਖੁਸ਼ੀ ਨਾਲ ਲਹਿਰਾਵਾਂਗਾ। ਮੈਨੂੰ ਹਮੇਸ਼ਾ ਇਸ ਤਰ੍ਹਾਂ ਲਹਿਰਾਉਂਦਾ ਦੇਖਣ ਲਈ ਤੁਹਾਨੂੰ ਇੱਕ ਹੋਰ ਕੰਮ ਕਰਨਾ ਪਵੇਗਾ। ਤੁਹਾਨੂੰ ਸਖ਼ਤ ਮਿਹਨਤ ਅਤੇ ਲਗਨ ਨਾਲ ਪੜ੍ਹਨਾ ਪਵੇਗਾ ਤਾਂ ਜੋ ਸਾਡਾ ਦੇਸ਼, ਭਾਰਤ, ਬਹੁਤ ਤਰੱਕੀ ਕਰੇ ਅਤੇ ਕਦੇ ਵੀ ਕਿਸੇ ਦਾ ਗੁਲਾਮ ਨਾ ਬਣੇ।"

"ਜਿਵੇਂ ਤੁਹਾਡੀ ਮਰਜ਼ੀ, ਤਿਰੰਗੇ ਭਈਆ!" ਵਿਵੇਕ ਨੇ ਸੁੰਦਰਤਾ ਨਾਲ ਝੁਕਿਆ ਅਤੇ ਇਹ ਕਹਿੰਦੇ ਹੋਏ ਤਿਰੰਗੇ ਝੰਡਾ ਮੁਸਕਰਾਇਆ।

**ਮੌਲਿਕ ਅਤੇ ਅਪ੍ਰਕਾਸ਼ਿਤ ਰਚਨਾ**

**ਕੁਸੁਮ ਅਗਰਵਾਲ**
**90- ਮਹਾਵੀਰ ਨਗਰ, 100 ਫੁੱਟ ਰੋਡ ਕਾਂਕਰੋਲੀ (ਰਾਜਸਮੰਦ)**
**ਰਾਜਸਥਾਨ- 313324, 09461179465**
**kusumagarwal0702@gmail.com**

# ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਯਤਨਾਂ ਨੂੰ ਪਿਆ ਬੂਰ, ਪੰਜਾਬ ਵਿੱਚ ਲੰਬੇ ਸਮੇਂ ਤੋਂ ਲਟਕ ਰਹੇ ਓਵਰਬ੍ਰਿਜਾਂ ਅਤੇ ਰਾਜਮਾਰਗਾਂ ਦੇ ਕਾਰਜਾਂ ਨੂੰ ਮੁਕੰਮਲ ਕਰਨ ਦਾ ਰਾਹ ਪੱਧਰਾ ਹੋਇਆ

ਨਵੀਂ ਦਿੱਲੀ ਸਾਂਝੀ ਸੋਚ ਬਿਊਰੋ

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਕੇਂਦਰੀ ਸੜਕੀ ਆਵਾਜਾਈ ਅਤੇ ਰਾਜਮਾਰਗ ਮੰਤਰੀ ਨਿਤਿਨ ਗਡਕਰੀ ਨਾਲ ਇੱਕ ਮਹੱਤਵਪੂਰਨ ਮੀਟਿੰਗ ਉਪਰੰਤ ਕੇਂਦਰ ਨੇ ਪੰਜਾਬ ਵਿੱਚ ਲੰਬੇ ਸਮੇਂ ਤੋਂ ਲਟਕ ਰਹੇ ਹਾਈਵੇਅ ਅਤੇ ਫਲਾਈਓਵਰ ਪ੍ਰਾਜੈਕਟਾਂ ਨੂੰ ਪੂਰਾ ਕਰਨ ਲਈ ਭਰੋਸਾ ਦਿੱਤਾ, ਜਿਸ ਨਾਲ ਮੱਖੂ, ਆਦਮਪੁਰ ਅਤੇ ਭਵਾਨੀਗੜ੍ਹ ਵਿਖੇ ਰੁਕੇ ਹੋਏ ਬੁਨਿਆਦੀ ਢਾਂਚੇ ਸਬੰਧੀ ਕਾਰਜਾਂ ਵਿੱਚ ਤੇਜ਼ੀ ਆਵੇਗੀ ਅਤੇ ਸੂਬੇ ਭਰ ਦੇ ਮੁੱਖ ਸੜਕੀ ਮਾਰਗਾਂ ਦੇ ਵੱਡੇ ਪੱਧਰ 'ਤੇ ਵਿਸਥਾਰ ਅਤੇ ਚਹੁੰ-ਮਾਰਗੀ ਹੋਣ ਦੀ ਸੰਭਾਵਨਾ ਹੈ।ਮੀਟਿੰਗ ਦੌਰਾਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਰਣਨੀਤਕ ਤੌਰ 'ਤੇ ਮਹੱਤਵਪੂਰਨ ਸੜਕਾਂ, ਜਿਨ੍ਹਾਂ ਵਿੱਚ ਕੌਮਾਂਤਰੀ ਸਰਹੱਦ ਨੇੜੇ ਫਿਰੋਜ਼ਪੁਰ-ਫਾਜ਼ਿਲਕਾ ਗਲਿਆਰਾ ਵੀ ਸ਼ਾਮਲ ਹੈ, ਨੂੰ ਕੌਮੀ ਰਾਜਮਾਰਗ ਐਲਾਨਣ ਦੀ ਪੰਜਾਬ ਦੀ ਮੰਗ ਵੀ ਉਠਾਈ। ਉਨ੍ਹਾਂ ਨੇ ਦੇਰੀ ਅਤੇ ਰੁਕਾਵਟਾਂ ਕਾਰਨ ਸਾਲਾਂ ਤੋਂ ਰੁਕੇ ਹੋਏ ਪ੍ਰੋਜੈਕਟਾਂ ਨੂੰ ਤੇਜ਼ੀ ਨਾਲ ਲਾਗੂ ਕਰਨ 'ਤੇ ਜ਼ੋਰ ਦਿੱਤਾ। ਮੁੱਖ ਮੰਤਰੀ ਨੇ ਕਿਹਾ ਕਿ ਕੇਂਦਰ ਨੇ ਸੁਨਾਮ, ਚੀਮਾ ਮੰਡੀ, ਭੀਖੀ, ਮਾਨਸਾ ਅਤੇ ਮੌੜ ਰਾਹੀਂ ਭਵਾਨੀਗੜ੍ਹ-ਕੋਟਸ਼ਮੀਰ ਸੜਕ ਨੂੰ ਚਾਰ-ਮਾਰਗੀ ਕਰਨ ਦਾ ਵੀ ਭਰੋਸਾ ਦਿੱਤਾ ਹੈ। ਇਸ ਤੋਂ ਇਲਾਵਾ ਬਰਨਾਲਾ-ਬਾਜਾਖਾਨਾ ਅਤੇ ਮਲੇਰਕੋਟਲਾ-ਬਰਨਾਲਾ ਗਲਿਆਰਿਆਂ ਦਾ ਵਿਸਥਾਰ ਵੀ ਕੀਤਾ ਗਿਆ ਹੈ, ਜਿਸ ਨੂੰ ਪੰਜਾਬ ਦੇ ਸੜਕੀ ਸੰਪਰਕ, ਆਰਥਿਕ ਆਵਾਜਾਈ ਅਤੇ ਜਨਤਕ ਸੁਰੱਖਿਆ ਲਈ ਅਹਿਮ ਕਦਮ ਮੰਨਿਆ ਜਾ ਰਿਹਾ ਹੈ।ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਗੇ ਕਿਹਾ ਕਿ ਕੇਂਦਰੀ ਮੰਤਰੀ ਨਿਤਿਨ ਗਡਕਰੀ ਨੇ ਪੰਜਾਬ ਸਰਕਾਰ ਦੀ ਸੂਬੇ ਭਰ ਵਿੱਚ ਜਾਨਾਂ ਦੀ ਰਾਖੀ ਅਤੇ ਸੁਰੱਖਿਅਤ ਹਾਈਵੇਅ ਯਕੀਨੀ ਬਣਾਉਣ ਲਈ ਸ਼ੁਰੂ ਕੀਤੀ 'ਸੜਕ ਸੁਰਖਿਆ ਫੋਰਸ' ਦੇ ਕੰਮਕਾਜ ਦੀ ਭਰਪੂਰ ਸ਼ਲਾਘਾ ਕੀਤੀ।

ਮੁੱਖ ਮੰਤਰੀ ਨੇ ਨਿਤਿਨ ਗਡਕਰੀ ਨਾਲ ਅੱਜ ਮੀਟਿੰਗ ਕਰਕੇ ਵਡੇਰੇ ਜਨਤਕ ਹਿੱਤ ਵਿੱਚ ਅੰਮ੍ਰਿਤਸਰ ਦੇ ਵੱਲ੍ਹਾ ਫਲਾਈਓਵਰ ਦੇ ਕੰਮ ਵਿੱਚ ਤੇਜ਼ੀ ਲਿਆਉਣ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਇਹ ਪ੍ਰਾਜੈਕਟ ਐਨ.ਐਚ.ਏ.ਆਈ. ਵੱਲੋਂ ਐਵਾਰਡ ਕੀਤਾ ਗਿਆ ਸੀ ਜੋ 15 ਸਤੰਬਰ, 2023 ਤੱਕ ਮੁਕੰਮਲ ਹੋਣਾ ਸੀ। ਉਨ੍ਹਾਂ ਕਿਹਾ ਕਿ ਇਸ ਦੇ ਮੁਕੰਮਲ ਹੋਣ ਦੀ ਮਿਆਦ ਵਿੱਚ ਵਾਰ-ਵਾਰ ਵਾਧਾ ਹੋਣ ਦੇ ਬਾਵਜੂਦ ਇਹ ਕੰਮ ਅਜੇ ਵੀ ਅਧੂਰਾ ਹੈ ਅਤੇ ਇਸ ਨੂੰ ਮੁਕੰਮਲ ਕਰਨ ਦੀ ਤਰੀਕ ਵਧਾ ਕੇ 30 ਅਪ੍ਰੈਲ, 2026 ਤੱਕ ਤੈਅ ਕੀਤੀ ਗਈ ਸੀ ਪਰ ਅਜੇ ਤੱਕ 76 ਫੀਸਦੀ ਕੰਮ ਹੋਇਆ ਹੈ।ਮੁੱਖ ਮੰਤਰੀ ਨੇ ਕਿਹਾ ਕਿ ਇਸ ਲਾਂਘੇ ਦੀ ਬਹੁਤ ਜ਼ਿਆਦਾ ਅਹਿਮੀਅਤ ਹੈ ਕਿਉਂਕਿ ਇਹ ਲਾਂਘਾ ਅੰਮ੍ਰਿਤਸਰ ਏਅਰਪੋਰਟ ਅਤੇ ਸ੍ਰੀ ਹਰਿਮੰਦਰ ਸਾਹਿਬ ਨੂੰ ਜੋੜਦਾ ਹੈ ਅਤੇ ਵੀ.ਆਈ.ਪੀਜ਼ ਦੀ ਨਿਰੰਤਰ ਆਵਾਜਾਈ ਸਮੇਤ ਭਾਰੀ ਟ੍ਰੈਫਿਕ ਨਾਲ ਵੀ ਨਜਿੱਠਦਾ ਹੈ। ਉਨ੍ਹਾਂ ਕਿਹਾ ਕਿ ਇਸ ਪ੍ਰਾਜੈਕਟ ਵਿੱਚ ਲਗਾਤਾਰ ਦੇਰੀ ਹੋਣ ਨਾਲ ਭੀੜ-ਭੜੱਕਾ ਵਧਦਾ ਹੈ ਅਤੇ ਸੁਰੱਖਿਆ ਦੇ ਲਿਹਾਜ਼ ਤੋਂ ਲੋਕਾਂ ਨੂੰ ਮੁਸ਼ਕਲ ਪੇਸ਼ ਆਉਂਦੀ ਹੈ।

ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਸਮੇਂ ਦੀ ਲੋੜ ਹੈ ਕਿ ਐਨ.ਐਚ.ਏ.ਆਈ. ਨੂੰ ਵੱਲ੍ਹਾ ਫਲਾਈਓਵਰ ਦੇ ਬਾਕੀ ਰਹਿੰਦੇ ਕੰਮ ਨੂੰ ਛੇਤੀ ਮੁਕੰਮਲ ਕਰਨ ਲਈ ਤੁਰੰਤ ਢੁਕਵੇਂ ਕਦਮ ਚੁੱਕਣੇ ਚਾਹੀਦੇ ਹਨ ਤਾਂ ਕਿ ਨਿਰਧਾਰਤ ਸਮੇਂ ਵਿੱਚ ਪ੍ਰਾਜੈਕਟ ਪੂਰਾ ਕੀਤਾ ਜਾ ਸਕੇ।

ਜਲੰਧਰ-ਹੁਸ਼ਿਆਰਪੁਰ-ਮਨਾਲੀ ਰੋਡ ਐਨ.ਐਚ.-70 ਦੇ ਚਾਰ ਮਾਰਗੀ ਦੇ ਇਕ ਹੋਰ ਮਹੱਤਵਪੂਰਨ ਮੁੱਦੇ ਨੂੰ ਉਠਾਉਂਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਜਲੰਧਰ-ਹੁਸ਼ਿਆਰਪੁਰ ਰੋਡ ਧਾਰਮਿਕ, ਸੈਰ-ਸਪਾਟਾ, ਆਰਥਿਕ ਅਤੇ ਰਣਨੀਤਿਕ ਨਜ਼ਰੀਏ ਤੋਂ ਬਹੁਤ ਅਹਿਮ ਹੈ। ਉਨ੍ਹਾਂ ਕਿਹਾ ਕਿ ਇਹ ਰੋਡ ਮਾਤਾ ਚਿੰਤਪੁਰਨੀ ਜੀ ਮੰਦਿਰ, ਮਾਤਾ ਜਵਾਲਾ ਜੀ ਮੰਦਿਰ, ਮਾਤਾ ਚਾਮੁੰਡਾ ਦੇਵੀ ਜੀ ਮੰਦਿਰ, ਧਰਮਸ਼ਾਲਾ, ਮਨਾਲੀ ਅਤੇ ਪਾਲਮਪੁਰ ਸਮੇਤ ਹਿਮਾਚਲ ਪ੍ਰਦੇਸ਼ ਵਿੱਚ ਪ੍ਰਸਿੱਧ ਧਾਰਮਿਕ ਅਸਥਾਨਾਂ ਅਤੇ ਸੈਰ-ਸਪਾਟੇ ਵਾਲੀਆਂ ਥਾਵਾਂ ਨੂੰ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਨਾਲ ਜੋੜਦਾ ਹੈ।ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਰੋਡ ਨਾਲ ਲਗਦੇ ਆਦਮਪੁਰ ਏਅਰਪੋਰਟ ਕਰਕੇ ਰਣਨੀਤਿਕ ਪੱਖ ਤੋਂ ਇਹ ਬਹੁਤ ਮਹੱਤਵਪੂਰਨ ਹੈ ਕਿਉਂ ਜੋ ਇਹ ਏਅਰਪੋਰਟ ਦੋਆਬਾ ਖੇਤਰ ਅਤੇ ਇਸ ਖਿੱਤੇ ਵਿੱਚ ਵੀ.ਵੀ.ਆਈ.ਪੀਜ਼ ਦੇ ਦੌਰਿਆਂ ਲਈ ਵਰਤਿਆ ਜਾ ਰਿਹਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਜਲੰਧਰ-ਹੁਸ਼ਿਆਰਪੁਰ ਰੋਡ ਨੂੰ ਚਾਰ ਮਾਰਗੀ ਕਰਨ ਦੇ ਪ੍ਰਾਜੈਕਟ ਨੂੰ ਸਾਲ 2016 ਵਿੱਚ ਪ੍ਰਵਾਨਗੀ ਮਿਲੀ ਸੀ ਜਿਸ ਤੋਂ ਬਾਅਦ ਠੇਕੇਦਾਰ ਨੇ ਰੱਦ ਕਰ ਦਿੱਤਾ ਸੀ। ਉਨ੍ਹਾਂ ਨੇ ਕੇਂਦਰੀ ਮੰਤਰੀ ਨੂੰ ਦੱਸਿਆ ਕਿ ਇਸ ਪ੍ਰਾਜੈਕਟ ਦੇ ਬਾਕੀ ਰਹਿੰਦੇ ਕੰਮ ਦੀ ਵਿਸਥਾਰਤ ਪ੍ਰਾਜੈਕਟ ਰਿਪੋਰਟ (ਡੀ.ਪੀ.ਆਰ.) ਸੂਬਾ ਸਰਕਾਰ ਨੇ ਮੰਤਰਾਲੇ ਕੋਲ ਜਮ੍ਹਾਂ ਕਰਵਾਈ ਹੋਈ ਹੈ। ਉਨ੍ਹਾਂ ਕਿਹਾ ਕਿ ਇਹ ਪ੍ਰਾਜੈਕਟ ਪੰਜਾਬ ਲਈ ਬਹੁਤ ਅਹਿਮੀਅਤ ਰੱਖਦਾ ਹੈ। ਭਗਵੰਤ ਸਿੰਘ ਮਾਨ ਨੇ ਕੇਂਦਰੀ ਮੰਤਰੀ ਨੂੰ ਅਪੀਲ ਕੀਤੀ ਕਿ ਮੰਤਰਾਲੇ ਪਾਸੋਂ ਪ੍ਰਵਾਨਗੀ ਦੇਣ ਵਿੱਚ ਤੇਜ਼ੀ ਲਿਆਂਦੀ ਜਾਵੇ ਤਾਂ ਕਿ ਇਸ ਪ੍ਰਾਜੈਕਟ ਦਾ ਕੰਮ ਸ਼ੁਰੂ ਕੀਤਾ ਜਾ ਸਕੇ।ਚੰਡੀਗੜ੍ਹ-ਲਾਂਡਰਾਂ-ਚੁੰਨੀ-ਸਰਹਿੰਦ ਸੜਕ ਨੂੰ ਕੌਮੀ ਰਾਜਮਾਰਗ ਐਲਾਨਣ ਦੀ ਮੰਗ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਹ ਇਹ ਸੜਕ ਐਸਏਐਸ ਨਗਰ ਜ਼ਿਲ੍ਹੇ ਨੂੰ ਫਤਿਹਗੜ੍ਹ ਸਾਹਿਬ ਜ਼ਿਲ੍ਹੇ ਨਾਲ ਜੋੜਨ ਵਾਲੀ ਸੂਬੇ ਦੀ ਮਹੱਤਵਪੂਰਨ ਸੜਕ ਹੈ, ਜਿਸਦੀ ਵਧੇਰੇ ਇਤਿਹਾਸਕ ਮਹੱਤਤਾ ਹੈ।



"ਇਹ ਸੜਕ ਸੋਹਾਣਾ ਵਿੱਚ ਗੁਰਦੁਆਰਾ ਸਿੰਘ ਸ਼ਹੀਦਾਂ ਸਾਹਿਬ ਦੇ ਨੇੜੇ ਤੋਂ ਸ਼ੁਰੂ ਹੁੰਦੀ ਹੈ ਅਤੇ ਲਖਨੌਰ, ਲਾਂਡਰਾਂ, ਝੰਜੇੜੀ ਅਤੇ ਚੁੰਨੀ ਵਿੱਚੋਂ ਲੰਘਦਿਆਂ ਫਤਿਹਗੜ੍ਹ ਸਾਹਿਬ ਵਿਖੇ ਖਤਮ ਹੁੰਦੀ ਹੈ। ਮੌਜੂਦਾ ਸਮੇਂ ਇਹ ਮੁੱਖ ਤੌਰ 'ਤੇ 10-ਮੀਟਰ ਕੈਰੇਜਵੇਅ ਚੌੜਾਈ ਦੇ ਨਾਲ ਦੋ-ਮਾਰਗੀ ਹੈ, ਹਾਲਾਂਕਿ ਕੁਝ ਹਿੱਸਿਆਂ ਨੂੰ ਪਹਿਲਾਂ ਹੀ ਚਾਰ ਮਾਰਗੀ ਕਰ ਦਿੱਤਾ ਗਿਆ ਹੈ।ਉਨ੍ਹਾਂ ਅੱਗੇ ਕਿਹਾ ਕਿ "ਭਾਰਤਮਾਲਾ ਪ੍ਰੋਜੈਕਟ ਅਧੀਨ ਅੰਬਾਲਾ-ਚੰਡੀਗੜ੍ਹ ਗ੍ਰੀਨਫੀਲਡ ਹਾਈਵੇਅ ਪ੍ਰੋਜੈਕਟ ਵੀ ਪਿੰਡ ਝੰਜੇੜੀ ਵਿਖੇ ਇਸ ਸੜਕ ਨੂੰ ਪਾਰ ਕਰਦਾ ਹੈ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਹਰ ਸਾਲ ਦਸੰਬਰ ਦੇ ਮਹੀਨੇ ਦੌਰਾਨ, ਲੱਖਾਂ ਸ਼ਰਧਾਲੂ ਸਾਹਿਬਜ਼ਾਦਾ ਬਾਬਾ ਜ਼ੋਰਾਵਰ ਸਿੰਘ ਜੀ ਅਤੇ ਸਾਹਿਬਜ਼ਾਦਾ ਬਾਬਾ ਫਤਿਹ ਸਿੰਘ ਜੀ ਨੂੰ ਸ਼ਰਧਾਂਜਲੀ ਦੇਣ ਲਈ ਸ਼ਹੀਦੀ ਸਭਾ ਦੌਰਾਨ ਫਤਿਹਗੜ੍ਹ ਸਾਹਿਬ ਆਉਂਦੇ ਹਨ। ਇਸ ਸਮੇਂ ਦੌਰਾਨ 37.26 ਕਿਲੋਮੀਟਰ ਲੰਬੀ ਇਸ ਸੜਕ 'ਤੇ ਭਾਰੀ ਆਵਾਜਾਈ ਰਹਿੰਦੀ ਹੈ। ਇਸ ਸੜਕ ਦੀ ਰਣਨੀਤਕ ਅਤੇ ਇਤਿਹਾਸਕ ਮਹੱਤਤਾ ਨੂੰ ਧਿਆਨ ਵਿੱਚ ਰੱਖਦਿਆਂ ਇਹ ਜ਼ਰੂਰੀ ਹੈ ਕਿ ਇਸਨੂੰ ਕੌਮੀ ਰਾਜਮਾਰਗ ਘੋਸ਼ਿਤ ਕੀਤਾ ਜਾਵੇ।

ਇਕ ਹੋਰ ਏਜੰਡੇ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਨੇ ਨਿਤਿਨ ਗਡਕਰੀ ਕੋਲ ਧਰਮਕੋਟ-ਜ਼ੀਰਾ-ਫਿਰੋਜ਼ਪੁਰ-ਫਾਜ਼ਿਲਕਾ ਰੋਡ ਨੂੰ ਕੌਮੀ ਮਾਰਗ ਐਲਾਨਣ ਲਈ ਜ਼ੋਰ ਪਾਇਆ। ਉਨ੍ਹਾਂ ਕਿਹਾ ਕਿ ਇਹ ਰੋਡ ਸੂਬੇ ਵਿੱਚ ਕੌਮੀ ਮਾਰਗਾਂ ਨਾਲ ਜੁੜਦਾ ਹੈ ਅਤੇ ਇਹ ਰੋਡ ਪਾਕਿਸਤਾਨ ਨਾਲ ਲਗਦੀ ਕੌਮਾਂਤਰੀ ਸਰਹੱਦ ਦੇ ਵੀ ਨੇੜੇ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਲਾਂਘਾ ਰੱਖਿਆ ਤੇ ਸੁਰੱਖਿਆ ਦੇ ਲਿਹਾਜ਼ ਤੋਂ ਬਹੁਤ ਅਹਿਮ ਹੈ। ਉਨ੍ਹਾਂ ਕਿਹਾ ਕਿ ਫਿਰੋਜ਼ਪੁਰ ਵਿਖੇ ਸਥਿਤ ਫੌਜ ਦੀ ਅਥਾਰਟੀ ਵੀ ਇਸ ਰੋਡ ਨੂੰ ਚੌੜਾ ਕਰਕੇ ਚਾਰ ਮਾਰਗੀ ਬਣਾਉਣ ਲਈ ਲਗਾਤਾਰ ਜ਼ੋਰ ਪਾ ਰਹੀ ਹੈ ਤਾਂ ਕਿ ਫੌਜ ਦੇ ਵਾਹਨਾਂ ਦੀ ਤੇਜ਼ੀ ਤੇ ਸੁਰੱਖਿਅਤ ਆਵਾਜਾਈ ਨੂੰ ਯਕੀਨੀ ਬਣਾਇਆ ਜਾ ਸਕੇ।

ਮੁੱਖ ਮੰਤਰੀ ਨੇ ਨਿਤਿਨ ਗਡਕਰੀ ਨੂੰ ਦੱਸਿਆ ਕਿ ਸੜਕ ਦੀ ਕੁੱਲ ਲੰਬਾਈ 144.555 ਕਿਲੋਮੀਟਰ ਹੈ ਅਤੇ ਇਸ ਸੜਕ 'ਤੇ ਹਾਦਸਿਆਂ ਵਿੱਚ ਮਰਨ ਵਾਲਿਆਂ ਦੀ ਔਸਤ ਗਿਣਤੀ ਰਾਸ਼ਟਰੀ ਰਾਜ ਮਾਰਗਾਂ ਦੇ ਮੁਕਾਬਲੇ ਵੱਧ ਹੈ। ਉਨ੍ਹਾਂ ਕਿਹਾ ਕਿ ਇਸ ਕੋਰੀਡੋਰ (ਸੜਕੀ ਮਾਰਗ) ਵਿੱਚ ਪਛਾਣ ਕੀਤੇ ਗਏ 11 ਬਲੈਕ ਸਪਾਟ ਹਨ ਅਤੇ ਫਿਰੋਜ਼ਪੁਰ-ਫਾਜ਼ਿਲਕਾ ਸੈਕਸ਼ਨ ਵਿੱਚ 2020 ਤੋਂ 2022 ਦੌਰਾਨ 162 ਹਾਦਸੇ ਹੋਏ, ਜਿਨ੍ਹਾਂ ਵਿੱਚੋਂ 138 ਹਾਦਸੇ ਕਾਫ਼ੀ ਘਾਤਕ ਸਨ, ਜੋ ਇਸ ਦੀ ਸਮਰੱਥਾ ਵਧਾਉਣ ਅਤੇ ਸੁਰੱਖਿਆ ਵਿੱਚ ਸੁਧਾਰ ਦੀ ਫੌਰੀ ਲੋੜ ਨੂੰ ਦਰਸਾਉਂਦਾ ਹੈ।

ਭਗਵੰਤ ਸਿੰਘ ਮਾਨ ਨੇ ਕੇਂਦਰੀ ਮੰਤਰੀ ਨੂੰ ਧਰਮਕੋਟ-ਜ਼ੀਰਾ-ਫਿਰੋਜ਼ਪੁਰ-ਫਾਜ਼ਿਲਕਾ ਸੜਕ ਦੇ ਅੰਤਰ-ਕੌਮੀ ਮਾਰਗ ਸੰਪਰਕ, ਰਣਨੀਤਕ ਤੇ ਸੁਰੱਖਿਆ ਮਹੱਤਤਾ, ਜ਼ਿਆਦਾ ਆਵਾਜਾਈ ਅਤੇ ਸੜਕ ਸੁਰੱਖਿਆ ਚਿੰਤਾਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਪੰਜਾਬ ਰਾਜ ਵਿੱਚ ਇਸ ਸੜਕ ਨੂੰ ਕੌਮੀ ਰਾਜ ਮਾਰਗ ਐਲਾਨਣ ਦੀ ਅਪੀਲ ਕੀਤੀ।

ਮੁੱਖ ਮੰਤਰੀ ਨੇ ਸੂਬੇ ਵਿੱਚ 'ਬਲਾਚੌਰ-ਹੁਸ਼ਿਆਰਪੁਰ-ਦਸੂਹਾ' ਸੜਕ ਨੂੰ ਕੌਮੀ ਰਾਜਮਾਰਗ ਐਲਾਨਣ ਦੀ ਮੰਗ ਕਰਦਿਆਂ ਕਿਹਾ ਕਿ ਇਸ ਦੀ ਕੁੱਲ ਲੰਬਾਈ 104.96 ਕਿਲੋਮੀਟਰ ਹੈ ਅਤੇ ਇਹ ਫਗਵਾੜਾ-ਰੂਪਨਗਰ ਰਾਸ਼ਟਰੀ ਰਾਜਮਾਰਗ ਨੂੰ ਪਠਾਨਕੋਟ-ਜਲੰਧਰ ਰਾਸ਼ਟਰੀ ਰਾਜਮਾਰਗ ਨਾਲ ਜੋੜਦੀ ਹੈ ਅਤੇ ਚੰਡੀਗੜ੍ਹ/ਮੋਹਾਲੀ ਅਤੇ ਪਠਾਨਕੋਟ/ਜੰਮੂ ਤੇ ਕਸ਼ਮੀਰ ਦਰਮਿਆਨ ਅਹਿਮ ਲਿੰਕ ਵਜੋਂ ਕੰਮ ਕਰਦੀ ਹੈ।ਉਨ੍ਹਾਂ ਕਿਹਾ ਕਿ ਇਸ ਦੇ ਰਣਨੀਤਕ ਸੰਪਰਕ ਅਤੇ ਖੇਤਰੀ ਮਹੱਤਤਾ ਦੇ ਕਾਰਨ ਇਸ ਸੜਕ 'ਤੇ ਯਾਤਰੂ ਤੇ ਟਰਾਂਸਪੋਰਟ ਵਾਹਨਾਂ ਅਤੇ ਵਪਾਰਕ ਆਵਾਜਾਈ ਕਾਫ਼ੀ ਰਹਿੰਦੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਸੜਕ ਦਾ ਜ਼ਿਆਦਾਤਰ ਹਿੱਸਾ ਬਿਨਾਂ ਡਿਵਾਇਡਰ ਵਾਲਾ ਹੈ, ਜਿਸ ਦੇ ਨਤੀਜੇ ਵਜੋਂ ਕਈ ਥਾਵਾਂ 'ਤੇ ਟ੍ਰੈਫਿਕ ਜ਼ਿਆਦਾ ਹੋ ਜਾਂਦਾ ਹੈ, ਅਕਸਰ ਹਾਦਸੇ ਹੁੰਦੇ ਰਹਿੰਦੇ ਹਨ ਅਤੇ ਰਾਹਗੀਰਾਂ ਨੂੰ ਕਾਫ਼ੀ ਦੇਰੀ ਹੁੰਦੀ ਹੈ, ਜਿਸ ਕਾਰਨ ਇਸ ਨੂੰ ਰਾਸ਼ਟਰੀ ਰਾਜਮਾਰਗ ਐਲਾਨਿਆ ਜਾਣਾ ਚਾਹੀਦਾ ਹੈ।

ਇਕ ਹੋਰ ਮੁੱਦਾ ਉਠਾਉਂਦਿਆਂ ਮੁੱਖ ਮੰਤਰੀ ਨੇ ਬਠਿੰਡਾ-ਮਲੋਟ ਰੋਡ 'ਤੇ ਹੁਸਨਰ ਚੌਕ, ਗਿੱਦੜਬਾਹਾ ਵਿਖੇ ਫਲਾਈਓਵਰ 'ਤੇ ਵਿਊ ਕਟਰ (ਸੁਰੱਖਿਆ ਬੈਰੀਅਰ) ਦੀ ਲੋੜ 'ਤੇ ਜ਼ੋਰ ਦਿੱਤਾ, ਜੋ ਐਨ.ਐਚ.ਏ.ਆਈ ਦੇ ਅਧਿਕਾਰ ਖੇਤਰ ਵਿਚ ਆਉਂਦਾ ਹੈ। ਉਨ੍ਹਾਂ ਕਿਹਾ ਕਿ ਫਲਾਈਓਵਰ ਦੇ ਦੋਵੇਂ ਪਾਸੇ ਸੰਘਣੀ ਵਸੋਂ ਵਾਲੇ ਰਿਹਾਇਸ਼ੀ ਅਤੇ ਵਪਾਰਕ ਅਦਾਰੇ ਹਨ, ਜਿਸ ਕਾਰਨ ਹੁਸਨਰ ਚੌਂਕ, ਗਿੱਦੜਬਾਹਾ ਵਿਖੇ ਵਿਊ ਕਟਰ ਲਾਉਣਾ ਜ਼ਰੂਰੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਲੋਕਾਂ ਦੀ ਸਹੂਲਤ ਦੇ ਨਾਲ-ਨਾਲ ਰਾਹਗੀਰਾਂ ਦੀ ਸੁਰੱਖਿਆ ਅਤੇ ਟਰੈਫਿਕ ਦੀ ਨਿਰਵਿਘਨ ਤੇ ਮੁਸ਼ਕਲ ਰਹਿਤ ਆਵਾਜਾਈ ਸਮੇਂ ਦੀ ਮੁੱਖ ਲੋੜ ਹੈ।ਮੁੱਖ ਮੰਤਰੀ ਨੇ 53.76 ਕਿਲੋਮੀਟਰ ਲੰਬੀ ਭਵਾਨੀਗੜ੍ਹ-ਸੁਨਾਮ-ਭੀਖੀ-ਕੋਟਸ਼ਮੀਰ ਰੋਡ ਨੂੰ ਚਹੁੰ-ਮਾਰਗੀ ਕਰਨ ਅਤੇ ਇਸ ਦੀ ਰਣਨੀਤਕ ਮਹੱਤਤਾ ਦੇ ਮੱਦੇਨਜ਼ਰ ਇਸ ਨੂੰ ਕੌਮੀ ਮਾਰਗ ਐਲਾਨਣ ਦੀ ਮੰਗ ਵੀ ਕੀਤੀ। ਉਨ੍ਹਾਂ ਕਿਹਾ ਕਿ ਇਹ ਸੜਕ ਪਟਿਆਲਾ ਅਤੇ ਸੰਗਰੂਰ ਜ਼ਿਲ੍ਹਿਆਂ ਨੂੰ ਬਠਿੰਡਾ, ਮਾਨਸਾ, ਤਲਵੰਡੀ ਸਾਬੋ, ਸਿਰਸਾ ਅਤੇ ਪੰਜਾਬ ਦੇ ਨਾਲ-ਨਾਲ ਹਰਿਆਣਾ ਦੇ ਨਾਲ ਲੱਗਦੇ ਹੋਰ ਪ੍ਰਮੁੱਖ ਸਥਾਨਾਂ ਨਾਲ ਜੋੜਦੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਸੜਕ 'ਤੇ ਰੋਜ਼ਾਨਾ ਆਵਾਜਾਈ ਕਾਫ਼ੀ ਰਹਿੰਦੀ ਹੈ ਅਤੇ ਇਹ ਯਾਤਰੀਆਂ ਅਤੇ ਮਾਲ, ਦੋਵਾਂ ਦੀ ਆਵਾਜਾਈ ਲਈ ਅਹਿਮ ਕੜੀ ਵਜੋਂ ਕੰਮ ਕਰਦੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਕੌਮੀ ਮਾਰਗ-7 ਦੇ ਪਟਿਆਲਾ-ਭਵਾਨੀਗੜ੍ਹ ਹਿੱਸੇ ਨੂੰ ਪਹਿਲਾਂ ਹੀ ਚਾਰ-ਮਾਰਗੀ ਹਾਈਵੇਅ ਵਜੋਂ ਵਿਕਸਤ ਕੀਤਾ ਗਿਆ ਹੈ, ਜੋ ਭਵਾਨੀਗੜ੍ਹ ਤੱਕ ਨਿਰਵਿਘਨ ਅਤੇ ਉੱਚ-ਸਮਰੱਥਾ ਕੁਨੈਕਟੀਵਿਟੀ ਨੂੰ ਯਕੀਨੀ ਬਣਾਉਂਦਾ ਹੈ। ਭਵਾਨੀਗੜ੍ਹ-ਸੁਨਾਮ-ਭੀਖੀ-ਕੋਟਸ਼ਮੀਰ ਸੜਕ ਕੋਟਸ਼ਮੀਰ ਤੱਕ ਦੋ-ਮਾਰਗੀ ਹੋ ਜਾਂਦੀ ਹੈ।

ਉਨ੍ਹਾਂ ਦੱਸਿਆ ਕਿ ਚਾਰ-ਮਾਰਗੀ ਕੌਮੀ ਰਾਜਮਾਰਗ ਤੋਂ ਦੋ-ਮਾਰਗੀ ਰਾਜਮਾਰਗ ਵਿੱਚ ਇਸ ਅਚਾਨਕ ਤਬਦੀਲੀ ਨਾਲ ਕੇਵਲ ਆਵਾਜਾਈ ਲਈ ਗੰਭੀਰ ਰੁਕਾਵਟਾਂ ਪੈਦਾ ਕਰਦੀ ਹੈ ਸਗੋਂ ਭੀੜ-ਭੜੱਕਾ ਵਧਣ ਨਾਲ ਹਾਦਸਿਆਂ ਦਾ ਜ਼ੋਖਮ ਵੀ ਵਧਦਾ ਹੈ।ਉਨ੍ਹਾਂ ਕਿਹਾ ਕਿ ਸੜਕ ਦੀ ਕਾਫ਼ੀ ਲੰਬਾਈ ਦੇ ਨਾਲ-ਨਾਲ ਢੁਕਵਾਂ ਰਾਇਟ ਆਫ਼ ਵੇ (ਆਰ.ਓ.ਡਬਲਿਊ.) ਪਹਿਲਾਂ ਹੀ ਉਪਲਬਧ ਹੈ ਅਤੇ ਸੁਨਾਮ, ਚੀਮਾ ਅਤੇ ਭੀਖੀ ਸਮੇਤ ਕੁਝ ਹਿੱਸਿਆਂ ਨੂੰ ਚਾਰ-ਮਾਰਗੀ ਬਣਾਉਣ ਲਈ ਪਹਿਲਾਂ ਹੀ ਚੌੜਾ ਕੀਤਾ ਜਾ ਚੁੱਕਾ ਹੈ। ਇਸ ਸੜਕ ਨੂੰ ਚਾਰ-ਮਾਰਗੀ ਬਣਾਉਣ ਅਤੇ ਰਾਸ਼ਟਰੀ ਰਾਜਮਾਰਗ ਐਲਾਨਣ ਦੀ ਮੰਗ ਕਰਦਿਆਂ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਨਾ ਸਿਰਫ਼ ਇਕਸਾਰ ਕੋਰੀਡੋਰ ਸਮਰੱਥਾ, ਸੁਚਾਰੂ ਆਵਾਜਾਈ , ਭੀੜ-ਭੜੱਕਾ ਘਟਾਉਣ ਨੂੰ ਯਕੀਨੀ ਬਣਾਏਗਾ ਬਲਕਿ ਸੜਕ ਸੁਰੱਖਿਆ ਨੂੰ ਵਧਾਉਣ ਅਤੇ ਖੇਤਰੀ ਆਰਥਿਕ ਵਿਕਾਸ ਵਿੱਚ ਸਹਿਯੋਗ ਵੀ ਦੇਵੇਗਾ।

ਮੁੱਖ ਮੰਤਰੀ ਨੇ ਨਿਤਿਨ ਗਡਕਰੀ ਨੂੰ ਬੰਗਾ-ਗੜ੍ਹਸ਼ੰਕਰ-ਸ੍ਰੀ ਅਨੰਦਪੁਰ ਸਾਹਿਬ ਸੜਕ ਨੂੰ ਕੌਮੀ ਰਾਜਮਾਰਗ ਐਲਾਨਣ ਦੀ ਵੀ ਅਪੀਲ ਕੀਤੀ।ਉਨ੍ਹਾਂ ਕਿਹਾ ਕਿ ਇਹ ਸੜਕ ਸ੍ਰੀ ਅਨੰਦਪੁਰ ਸਾਹਿਬ ਅਤੇ ਸ੍ਰੀ ਕੀਰਤਪੁਰ ਸਾਹਿਬ ਸਮੇਤ ਪ੍ਰਮੁੱਖ ਧਾਰਮਿਕ ਸਥਾਨਾਂ ਨੂੰ ਜੋੜਦੀ ਹੈ ਅਤੇ ਆਰਥਿਕ, ਸੈਰ-ਸਪਾਟਾ ਅਤੇ ਧਾਰਮਿਕ ਉਦੇਸ਼ਾਂ ਲਈ ਹਿਮਾਚਲ ਪ੍ਰਦੇਸ਼ ਨੂੰ ਹੋਰ ਜੋੜਦੀ ਹੈ। ਘਰੇਲੂ ਅਤੇ ਵਿਦੇਸ਼ੀ ਸੈਲਾਨੀ ਨਿਯਮਿਤ ਤੌਰ 'ਤੇ ਇਨ੍ਹਾਂ ਧਾਰਮਿਕ ਸਥਾਨਾਂ 'ਤੇ ਆਉਂਦੇ ਹਨ ਅਤੇ ਹਿਮਾਚਲ ਪ੍ਰਦੇਸ਼ ਵਿੱਚ ਮਾਤਾ ਨੈਣਾ ਦੇਵੀ ਜੀ ਮੰਦਰ ਦੀ ਯਾਤਰਾ ਕਰਦੇ ਹਨ ਜਿਸ ਕਾਰਨ ਇਸ ਸੜਕ ਨੂੰ ਕੌਮੀ ਰਾਜਮਾਰਗ ਦਾ ਦਰਜਾ ਦਿੱਤਾ ਜਾਣਾ ਚਾਹੀਦਾ ਹੈ।ਇੱਕ ਹੋਰ ਅਹਿਮ ਮੁੱਦਾ ਉਠਾਉਂਦਿਆਂ ਮੁੱਖ ਮੰਤਰੀ ਨੇ ਬਰਨਾਲਾ-ਬਾਜਾਖਾਨਾ ਸੜਕ ਨੂੰ ਕੌਮੀ ਰਾਜਮਾਰਗ ਐਲਾਨਣ ਦੀ ਮੰਗ ਵੀ ਕੀਤੀ। ਉਨ੍ਹਾਂ ਕਿਹਾ ਕਿ ਇਹ ਸੜਕ ਬਰਨਾਲਾ, ਮਾਨਸਾ ਅਤੇ ਬਠਿੰਡਾ ਜ਼ਿਲ੍ਹਿਆਂ ਲਈ ਆਵਾਜਾਈ ਦੀ ਸਹੂਲਤ ਲਈ ਮਹੱਤਵਪੂਰਨ ਹੈ ਜੋ ਮਾਲਵਾ ਖੇਤਰ ਅਤੇ ਨਾਲ ਲੱਗਦੇ ਰਾਜਸਥਾਨ ਦੇ ਪ੍ਰਮੁੱਖ ਵਪਾਰਕ, ਖੇਤੀਬਾੜੀ ਅਤੇ ਉਦਯੋਗਿਕ ਕੇਂਦਰਾਂ ਨੂੰ ਸੰਪਰਕ ਪ੍ਰਦਾਨ ਕਰਦੀ ਹੈ। ਮੌਜੂਦਾ ਦੋ-ਮਾਰਗੀ ਸੜਕ ਮੌਜੂਦਾ ਅਤੇ ਭਵਿੱਖੀ ਆਵਾਜਾਈ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਨਾਕਾਫ਼ੀ ਹੈ, ਜਿਸ ਕਾਰਨ ਇਸ ਨੂੰ ਕੌਮੀ ਰਾਜਮਾਰਗ ਐਲਾਨਣਾ ਅਤੇ ਚਾਰ-ਮਾਰਗੀ ਕਰਨਾ ਬੇਹੱਦ ਜ਼ਰੂਰੀ ਹੈ।ਮੁੱਖ ਮੰਤਰੀ ਨੇ ਬਰਨਾਲਾ-ਮਾਲੇਰਕੋਟਲਾ ਵਾਇਆ ਸ਼ੇਰਪੁਰ ਸੜਕ ਨੂੰ ਚਾਰ-ਮਾਰਗੀ ਕਰਨ ਅਤੇ ਕੌਮੀ ਰਾਜਮਾਰਗ ਐਲਾਨਣ ਦੀ ਮੰਗ ਕੀਤੀ। ਉਨ੍ਹਾਂ ਅੱਗੇ ਕਿਹਾ, "ਇਹ ਸੜਕ ਬਰਨਾਲਾ, ਸੰਗਰੂਰ ਅਤੇ ਮਾਲੇਰਕੋਟਲਾ ਜ਼ਿਲ੍ਹਿਆਂ ਲਈ ਆਵਾਜਾਈ ਦੀ ਸਹੂਲਤ ਦਿੰਦਾ ਹੈ ਅਤੇ ਮਾਲਵਾ ਖੇਤਰ ਦੇ ਪ੍ਰਮੁੱਖ ਖੇਤੀਬਾੜੀ, ਉਦਯੋਗਿਕ ਅਤੇ ਵਪਾਰਕ ਕੇਂਦਰਾਂ ਨੂੰ ਵੀ ਜੋੜਦਾ ਹੈ। ਇਹ ਪ੍ਰਾਜੈਕਟ ਬਰਨਾਲਾ, ਸੰਗਰੂਰ ਅਤੇ ਮਾਲੇਰਕੋਟਲਾ ਦਰਮਿਆਨ ਸੰਪਰਕ ਵਿੱਚ ਅਹਿਮ ਸੁਧਾਰ ਕਰੇਗਾ ਅਤੇ ਭੀੜ-ਭੜੱਕਾ, ਸਮਾਂ, ਵਾਹਨਾਂ ਦੇ ਸੰਚਾਲਨ ਖਰਚੇ ਅਤੇ ਦੁਰਘਟਨਾ ਦੇ ਜੋਖਮਾਂ ਨੂੰ ਘਟਾਏਗਾ।" ਇੱਕ ਹੋਰ ਮੁੱਦੇ ਚੁੱਕਦਿਆਂ ਮੁੱਖ ਮੰਤਰੀ ਨੇ ਭਵਾਨੀਗੜ੍ਹ ਵਿੱਚ ਭਾਰੀ ਆਵਾਜਾਈ ਅਤੇ ਭੀੜ-ਭੜੱਕੇ ਜਿਹੀਆਂ ਸਮੱਸਿਆਵਾਂ ਕਾਰਨ ਐਲੀਵੇਟਿਡ ਕੋਰੀਡੋਰ/ਫਲਾਈਓਵਰ ਦੇ ਨਿਰਮਾਣ ਦੀ ਵੀ ਵਕਾਲਤ ਕੀਤੀ। ਉਨ੍ਹਾਂ ਕਿਹਾ ਕਿ ਭਵਾਨੀਗੜ੍ਹ ਜ਼ਿਆਦਾ ਆਬਾਦੀ ਵਾਲਾ ਸ਼ਹਿਰ ਹੈ, ਜਿਸ ਦੇ ਰਾਸ਼ਟਰੀ ਰਾਜਮਾਰਗ ਦੇ ਦੋਵੇਂ ਪਾਸੇ ਸਾਰੇ ਵਪਾਰਕ ਅਦਾਰੇ ਅਤੇ ਦੁਕਾਨਾਂ ਮੌਜੂਦ ਹਨ ਅਤੇ ਸ਼ਹਿਰ ਦੇ ਦੋਵੇਂ ਪਾਸੇ ਫਲਾਈਓਵਰ ਹੋਣ ਕਾਰਨ ਇਸ ਵਿੱਚ ਤੇਜ਼ੀ ਨਾਲ ਆਵਾਜਾਈ ਦਾਖਲ ਹੁੰਦੀ ਹੈ, ਜਿਸ ਕਾਰਨ ਹਾਦਸੇ ਵਾਪਰਦੇ ਹਨ।ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਹਨਾਂ ਨੇ ਐਨ.ਐਚ.ਏ.ਆਈ. ਨੂੰ ਲੋਕਾਂ ਦੀ ਸੁਰੱਖਿਆ, ਭੀੜ-ਭੜੱਕੇ ਨੂੰ ਘਟਾਉਣ ਅਤੇ ਸੁਚਾਰੂ ਆਵਾਜਾਈ ਦੇ ਹਿੱਤਾਂ ਲਈ ਭਵਾਨੀਗੜ੍ਹ ਸ਼ਹਿਰ ਵਿੱਚੋਂ ਇੱਕ ਐਲੀਵੇਟਿਡ ਕੋਰੀਡੋਰ/ਫਲਾਈਓਵਰ ਦੀ ਉਸਾਰੀ ਦੀ ਜਾਂਚ ਕਰਨ ਅਤੇ ਕੰਮ ਸ਼ੁਰੂ ਕਰਨ ਬੇਨਤੀ ਕੀਤੀ ਹੈ।


SERVPRO
OF TRACY
Cleaning. Restoration. Construction.
ਅਸੀਂ ਸਾਰੇ ਕੰਮ California ਦੇ Environmental, Restoration Standards ਅਤੇ Insurance Guidlines ਦੀ Compliance ਵਿੱਚ ਕਰਦੇ ਹਾਂ
ਅਸੀਂ Insurance Companies ਦੇ National Account 'ਤੇ ਹਾਂ
ਅੱਗ ਲੱਗਣ, ਪਾਣੀ ਅਤੇ Mold ਨਾਲ ਖ਼ਰਾਬ ਹੋਈ ਇਮਾਰਤ ਅਤੇ ਸਮਾਨ ਦੀ ਸਫ਼ਾਈ ਕਰਦੇ ਹਾਂ | ਨੁਕਸਾਨ ਹੋਈ ਇਮਾਰਤ ਅਤੇ ਸਮਾਨ ਦੀ Insurance ਨੂੰ ਰਿਪੋਰਟ ਕਰਕੇ ਮਾਲਕ ਨੂੰ ਪੈਸੇ ਦਵਾਉਂਦੇ ਹਾਂ
Before
After
• ਪਾਣੀ ਨਾਲ ਨੁਕਸਾਨ ਦੀ ਮੁਰੰਮਤ
• ਕਾਰਪੇਟ ਅਤੇ ਫਰਨੀਚਰ ਸੁਕਾਉਣਾ
• ਛੱਤ ਅਤੇ ਕੰਧਾਂ ਦੀ ਉੱਲੀ (Mold) ਹਟਾਉਣਾ
• Insurance ਕੰਪਨੀ ਨਾਲ ਕਲੇਮ ਦਵਾਉਣ ਵਿੱਚ ਮਦਦ
Before
After
ਅਸੀਂ Mt.House, Tracy, Lathrop, Stockton, Manteca, Ripon, Modesto, Ceres ਅਤੇ Turlock ਤੱਕ ਕੰਮ ਕਰਦੇ ਹਾਂ
2275 N Mac Arthur Dr Tracy, CA 95376
CONTACT FOR MORE INFORMATION
DEEPINDER MAHAL
President
Office (209) 834-0200
Cell (408) 963-7702

# JK TYRE INC

JK TYRE
TOTAL CONTROL

**KTD10-LEAO**
Radial Truck Tire (Long Haul)



295/75R22.5
$2600

With Installation
Singh: 510-766-9382

**JK JETSTEEL JDH**

SPECIAL OFFER !!



DRIVE TIRE
11R22.5-

With Installation
Singh: 510-766-9382

**Firestone FS591**

STEER TIRE
295/75R22.5

With Installation
Singh: 510-766-9382

SPECIAL OFFER !!



11R22.5

With Installation
Singh: 510-766-9382

Sizes available in drive & trailer

295/75/22.5
11r/22.5
11r/24.5
255/70/22.5
315/80/22.5
425/65/22.5

**JETWAY JTH 1**

SPECIAL OFFER !!



TRAILER TIRE
11R22.5-
11R24.5-

With Installation
Singh: 510-766-9382

**JETWAY JTH SD**

SPECIAL OFFER !!



TRAILER TIRE
295/75R22.5-

With Installation
Singh: 510-766-9382

**JK JETSTEEL JDL2**

SPECIAL OFFER !!



DRIVE TIRE
11R22.5-
11R24.5-
295/75R22.5-

With Installation
Singh: 510-766-9382



FALKEN TIRES · GOODYEAR · KELLY TIRES · BARKLEY Feel the difference · PIRELLI
MICHELIN A better way forward · BRIDGESTONE · Firestone · YOKOHAMA
PEARLY · NAMA · TOYO TIRES driven to perform · Continental · DUNLOP TIRES

## S. Singh Cell: (510) 766-9382

2955 N. Wilson Way Stockton , CA 95205



SANJHI SOCH
ਬਰਜਿੰਦਰ ਕੌਰ ਬਿਸਰਾਓ
99889-01324


# ਬਜ਼ੁਰਗਾਂ ਦੀ ਸੰਭਾਲ ਬਹੁਤ ਜ਼ਰੂਰੀ ਹੈ

ਬਜ਼ੁਰਗ ਅਵਸਥਾ ਉਹ ਅਵਸਥਾ ਹੁੰਦੀ ਹੈ ਜਦੋਂ ਸਾਰੀ ਉਮਰ ਦੀਆਂ ਘਾਲਣਾਵਾਂ ਘਾ਼ਲ ਕੇ ਮਨੁੱਖ ਆਪਣੇ ਨਾਲ ਜੁੜੇ ਲੋਕਾਂ ਨੂੰ ਤੇ ਆਪਣੇ ਆ਼ਲੇ ਦੁਆ਼ਲੇ ਦੀ ਦੁਨੀਆਂ ਨੂੰ ਬਹੁਤ ਕੁਝ ਦੇ ਕੇ ਬੇਬਸ, ਲਾਚਾਰ ਤੇ ਲੜਖੜਾਉਂਦੇ ਹੋਏ ਜਦੋਂ ਆਪਣੀ ਦੇਹੀ ਨੂੰ ਆਪਣੇ ਹੀ ਪੈਰਾਂ ਤੇ ਖੜ੍ਹਾਉਣ ਦੀ ਤਾਕਤ ਵੀ ਨਹੀਂ ਰਹਿੰਦੀ, ਮਨੁੱਖ ਇਸ ਅਵਸਥਾ ਵਿੱਚ ਪਹੁੰਚ ਕੇ ਸਰੀਰਕ ਅਤੇ ਮਾਨਸਿਕ ਤੌਰ ਤੇ ਬਹੁਤ ਕਮਜ਼ੋਰ ਹੋ ਚੁੱਕਿਆ ਹੁੰਦਾ ਹੈ। ਇਹ ਉਹ ਸਮਾਂ ਹੁੰਦਾ ਹੈ ਜਦੋਂ ਆਪਣੇ ਹੱਥੀਂ ਲਾਏ ਬੂਟਿਆਂ ਦੀ ਛਾਂ ਮਾਣੀ ਜਾ ਸਕੇ।

ਪਰ ਸਦੀ ਪਲਟਦੇ ਸਾਰ ਹੀ ਆਪਣਿਆਂ ਉੱਪਰ ਸਵਾਰਥਪੁਣਾ ਐਨਾ ਭਾਰੂ ਹੋ ਚੁੱਕਿਆ ਹੈ ਕਿ ਜਾਇਦਾਦ ਅਤੇ ਪੈਸੇ ਤੋਂ ਸਿਵਾਏ ਔਲਾਦ ਨੂੰ ਹੋਰ ਕੁਝ ਨਜ਼ਰ ਨਹੀਂ ਆਉਂਦਾ। ਜਿਹੜੇ ਮਾਪਿਆਂ ਨੇ ਆਪਣੇ ਸਾਰੇ ਸ਼ੌਂਕ ਮਾਰ ਕੇ ਬੱਚਿਆਂ ਦੇ ਸ਼ੌਕ ਪੂਰੇ ਕੀਤੇ ਹੋਣ,ਆਪਣੇ ਬੱਚਿਆਂ ਦੀ ਪਰਵਰਿਸ਼ ਆਪਣੀ ਹੈਸੀਅਤ ਤੋਂ ਵਧ ਕੇ ਕੀਤੀ ਹੋਵੇ ਤੇ ਉਹਨਾਂ ਮਾਪਿਆਂ ਨੂੰ ਜਦ ਸਮਾਜ ਸੇਵੀ ਜਥੇਬੰਦੀਆਂ ਵੱਲੋਂ ਔਲਾਦ ਕੋਲੋਂ ਇਸ ਲਈ ਰਿਹਾਅ ਕਰਵਾਇਆ ਜਾਵੇ ਕਿ ਉਹ ਉਹਨਾਂ ਦੇ ਆਪਣੇ ਘਰ ਦੀ ਚਾਰਦੀਵਾਰੀ ਅੰਦਰ ਹੀ ਗੁਲਾਮਾਂ ਵਾ਼ਲੇ ਤਸੀਹੇ ਝੱਲ ਰਹੇ ਹੋਣ ਤੇ ਉਹ ਤਸੀਹੇ ਵੀ ਉਹਨਾਂ ਦੀ ਆਪਣੀ ਔਲਾਦ ਦੇ ਰਹੀ ਹੋਵੇ। ਸੜਕਾਂ ਤੇ ਰੁਲ ਰਹੇ ਮਾਪਿਆਂ ਨੂੰ ਸਮਾਜ ਸੇਵੀ ਜਥੇਬੰਦੀਆਂ ਆਸ਼ਰਮ ਦਾ ਸਹਾਰਾ ਦੇਣ ਕਿਉਂਕਿ ਉਹਨਾਂ ਦੀ ਔਲਾਦ ਨੇ ਬੁਢਾਪੇ ਕਾਰਨ ਉਹਨਾਂ ਨੂੰ ਘਰੋਂ ਬਾਹਰ ਕੱਢ ਦਿੱਤਾ ਹੋਵੇ । ਬਹੁਤੇ ਬਜ਼ੁਰਗਾਂ ਨੂੰ ਬੁਢਾਪੇ ਦੀਆਂ ਬੀਮਾਰੀਆਂ ਕਾਰਨ ਉਹਨਾਂ ਦੀ ਸਾਂਭ ਸੰਭਾਲ ਦੀ ਥਾਂ ਇੱਕ ਨੁੱਕਰੇ ਨਰਕ ਦੀ ਜ਼ਿੰਦਗੀ ਜਿਊਣ ਲਈ ਸੁੱਟ ਦਿੱਤਾ ਜਾਂਦਾ ਹੈ ਜਿੱਥੇ ਉਹਨਾਂ ਦੀ ਸਾਫ਼ ਸਫ਼ਾਈ ,ਖਾਣ ਪੀਣ ਤੇ ਮਨੋਭਾਵਾਂ ਦਾ ਬਿਲਕੁਲ ਧਿਆਨ ਨਹੀਂ ਦਿੱਤਾ ਜਾਂਦਾ।


ਬਜ਼ੁਰਗਾਂ ਦੀ ਸੰਭਾਲ ਕਰਨ ਦੀ ਗੱਲ ਜਿਹੜੇ ਦੇਸ਼ ਦੀ ਸੰਸਕ੍ਰਿਤੀ ਦਾ ਹਿੱਸਾ ਰਹੀ ਹੋਵੇ, ਜਿਸ ਦੇਸ਼ ਵਿੱਚ ਬਜ਼ੁਰਗਾਂ ਨੂੰ ਘਰ ਦਾ ਸਰਮਾਇਆ ਸਮਝਿਆ ਜਾਂਦਾ ਰਿਹਾ ਹੋਵੇ, ਬਜ਼ੁਰਗਾਂ ਨੂੰ ਘਰ ਦਾ ਜਿੰਦਰਾ ਆਖਿਆ ਜਾਂਦਾ ਰਿਹਾ ਹੋਵੇ ,ਉਸੇ ਦੇਸ਼ ਵਿੱਚ ਅੱਜ ਦੇ ਦੌਰ ਵਿੱਚ ਬਜ਼ੁਰਗਾਂ ਨਾਲ ਅਣਮਨੁੱਖੀ ਤਸ਼ੱਦਦ ਕੀਤਾ ਜਾਣ ਲੱਗੇ ਤਾਂ ਉਸ ਦੇਸ਼ ਦੇ ਮੱਥੇ ਤੇ ਇਹ ਗੱਲ ਇੱਕ ਕਲੰਕ ਬਣ ਕੇ ਉੱਭਰ ਰਹੀ ਹੈ। ਬਹੁਤੇ ਬਜ਼ੁਰਗ ਬੱਚਿਆਂ ਨੂੰ ਉੱਚ ਵਿੱਦਿਆ ਦਿਵਾਉਣ ਲਈ ਵਿਦੇਸ਼ਾਂ ਵਿੱਚ ਭੇਜ ਰਹੇ ਹਨ,ਜਿਸ ਕਰਕੇ ਉਹ ਪਿੱਛੇ ਇਕੱਲੇ ਰਹਿ ਜਾਣ ਕਾਰਨ ਬੁਢਾਪੇ ਦੀ ਅਵਸਥਾ ਨੂੰ ਇਕਲਾਪੇ ਵਿੱਚ ਕੱਟਣ ਲਈ ਮਜ਼ਬੂਰ ਹੁੰਦੇ ਹਨ । ਇੱਕ ਵਾਰ ਇੱਕ ਬਹੁਤ ਵੱਡੇ ਰਿਟਾਇਰਡ ਅਫਸਰ ਦੇ ਬੱਚੇ ਵਿਦੇਸ਼ ਵਿੱਚ ਵਸਦੇ ਸਨ। ਉਹਨਾਂ ਨੇ ਆਪਣੀ ਮਾਂ ਦੀ ਮੌਤ ਤੋਂ ਬਾਅਦ ਆਪਣੇ ਪੈਰਾਲਾਈਜ਼ਡ ਪਿਤਾ ਦੀ ਸੰਭਾਲ ਲਈ ਇੱਕ ਪੱਕਾ ਨੌਕਰ ਰੱਖ ਕੇ ਜ਼ਿੰਮੇਵਾਰੀ ਨਿਭਾਈ। ਮਹੀਨੇ ਬਾਅਦ ਨੌਕਰ ਨੂੰ ਉਸ ਦੀ ਤਨਖਾਹ ਭੇਜ ਦਿੰਦੇ ਤੇ ਆਪਣੇ ਪਿਤਾ ਦਾ ਹਾਲ ਚਾਲ ਪੁੱਛ ਲੈਂਦੇ। ਜਦ ਨੌਕਰ ਖ਼ਰੀਦੋ ਫਰੋਖਤ ਕਰਨ ਜਾਂਦਾ ਤਾਂ ਬਜ਼ੁਰਗ ਨੂੰ ਬਾਹਰੋਂ ਜੰਦਰਾ ਲਾ ਜਾਂਦਾ। ਇੱਕ ਦਿਨ ਇਸ ਤਰ੍ਹਾਂ ਬਾਹਰ ਗਿਆ ਨੌਕਰ ਹਾਦਸੇ ਦਾ ਸ਼ਿਕਾਰ ਹੋ ਕੇ ਕੋਹਮਾ ਵਿੱਚ ਚਲਿਆ ਗਿਆ। ਉਸ ਬਜ਼ੁਰਗ ਦੇ ਪੁੱਤਰ ਕਦੇ ਕਦਾਈਂ ਫੋਨ ਕਰਦੇ ਤਾਂ ਉਸ ਦਾ ਫ਼ੋਨ ਬੰਦ ਆਉਣ ਲੱਗਾ। ਕੁਝ ਸਮਾਂ ਤਾਂ ਉਹਨਾਂ ਨੇ ਗੌਲਿਆ ਨਹੀਂ,ਪਰ ਤਿੰਨ ਕੁ ਮਹੀਨੇ ਬਾਅਦ ਜਦ ਪਤਾ ਕਰਨਾ ਚਾਹਿਆ ਜਾਂ ਆਪਣੇ ਕਿਸੇ ਰਿਸ਼ਤੇਦਾਰ ਨੂੰ ਵੇਖ ਕੇ ਆਉਣ ਨੂੰ ਕਿਹਾ ਤਾਂ ਬਜ਼ੁਰਗ ਨੂੰ ਜਿਸ ਤਰ੍ਹਾਂ ਪਏ ਨੂੰ ਨੌਕਰ ਛੱਡ ਕੇ ਗਿਆ ਸੀ ਉਸੇ ਤਰ੍ਹਾਂ ਉਸ ਦਾ ਕੰਗਾਲ ਮਿਲਿਆ। ਹੈ ਨਾ ਕਿੰਨੇ ਦੁੱਖ ਦੀ ਗੱਲ...? ਜਿਹੜੇ ਬਜ਼ੁਰਗ ਨੇ ਸਾਰੀ ਉਮਰ ਉੱਚ ਅਹੁਦੇ ਤੇ ਹਿੱਕ ਤਾਣ ਕੇ ਨੌਕਰੀ ਕੀਤੀ ਉਸ ਦਾ ਅੰਤ ਕਿਸ ਤਰ੍ਹਾਂ ਹੋਇਆ। ਇਹ ਕੋਈ ਇੱਕ ਬਜ਼ੁਰਗ ਦੀ ਕਹਾਣੀ ਨਹੀਂ ਹੈ,ਪਤਾ ਨਹੀਂ ਕਿੰਨੇ ਕੁ ਬਜ਼ੁਰਗ ਸਾਂਭ ਸੰਭਾਲ ਤੇ ਅਣਦੇਖੀ ਕਾਰਨ ਰੁ਼ਲ ਰਹੇ ਹਨ।

ਇਸ ਤਰ੍ਹਾਂ ਬਜ਼ੁਰਗਾਂ ਪ੍ਰਤੀ ਬਦਲ ਰਹੇ ਸਮਾਜਿਕ ਵਰਤਾਰੇ ਦਾ ਕਾਰਨ ਪਦਾਰਥਵਾਦੀ ਸੋਚ, ਇਕਹਿਰੇ ਪਰਿਵਾਰ ਅਤੇ ਸਿੱਖਿਆ ਵਿੱਚ ਘਾਟ ਹੈ। ਅੱਜ ਰਿਸ਼ਤਿਆਂ ਤੋਂ ਪਹਿਲਾਂ ਪੈਸੇ ਅਤੇ ਜਾਇਦਾਦ ਨੂੰ ਤਰਜੀਹ ਦਿੱਤੀ ਜਾਂਦੀ ਹੈ। ਪਰਿਵਾਰਾਂ ਵਿੱਚ ਦੁੱਖ ਸੁੱਖ ਵੰਡਾਉਣ ਦੀ ਥਾਂ ਖੁਸ਼ੀਆਂ ਕਲੱਬਾਂ, ਥਿਏਟਰਾਂ ਵਿੱਚ ਭਾ਼ਲੀਆਂ ਜਾ ਰਹੀਆਂ ਹਨ। ਅੱਜ ਪਾਠਕ੍ਰਮ ਸਮਝਾਏ ਨਹੀਂ ਸਗੋਂ ਸਿਰਫ ਪੜ੍ਹਾ ਕੇ ਸਿਲੇਬਸ ਪੂਰੇ ਕੀਤੇ ਜਾ ਰਹੇ ਹਨ। ਅੱਜ ਘਰ ਪਰਿਵਾਰ ਦੇ ਮੈਂਬਰਾਂ ਨੂੰ ਤਰਜੀਹ ਨਹੀਂ ਦਿੱਤੀ ਜਾਂਦੀ ਸਗੋਂ ਬਾਹਰਲੀ ਦੁਨੀਆ ਨੂੰ ਦਿਮਾਗ ਵਿੱਚ ਰੱਖ ਕੇ ਮਨੁੱਖ ਆਪਣਾ ਜੀਵਨ ਨਿਰਬਾਹ ਕਰ ਰਿਹਾ ਹੈ। ਜੇ ਅਸੀਂ ਸੱਚਮੁੱਚ ਚਾਹੁੰਦੇ ਹਾਂ ਕਿ ਸਾਡੇ ਬਜ਼ੁਰਗਾਂ ਦੀ ਸਾਂਭ ਸੰਭਾਲ ਪਹਿਲਾਂ ਵਾਂਗ ਹੀ ਸੋਹਣੇ ਢੰਗ ਨਾਲ ਕੀਤੀ ਜਾਏ ਤਾਂ ਮੁੱਢਲੀ ਵਿੱਦਿਆ ਤੋਂ ਲੈਕੇ ਉੱਚ ਵਿੱਦਿਆ ਤੱਕ ਕਿਤਾਬੀ ਪੜ੍ਹਾਈ ਦੇ ਨਾਲ ਨਾਲ ਉਸੇ ਤਰ੍ਹਾਂ ਹੀ ਵੱਡਿਆਂ ਦੀ ਸਾਂਭ ਸੰਭਾਲ ਲਈ ਨੈਤਿਕ ਸਿੱਖਿਆ ਦਾ ਹਰ ਰੋਜ਼ ਦੀ ਸਮਾਂ ਸਾਰਨੀ ਵਿੱਚ ਕੁਝ ਸਮਾਂ ਨਿਸ਼ਚਿਤ ਕੀਤਾ ਜਾਏ ਤਾਂ ਜੋ ਰੋਜ਼ ਰੋਜ਼ ਵੱਡਿਆਂ ਦੀ ਸੰਭਾਲ ਦੀ ਭਾਵਨਾ ਨੂੰ ਬੱਚਿਆਂ ਦੇ ਦਿਮਾਗ ਵਿੱਚ ਪਰਪੱਕ ਕੀਤਾ ਜਾਏ।

Chevron
TRUCK STOP
OPEN PARKING, DELI, SHOWER, LAUNDRY
• ਸਸਤਾ ਡੀਜ਼ਲ • ਕਾਰਾਂ ਦੀ ਸਸਤੀ ਗੈਸ
We accept all major fleet cards, credit cards including, Visa, MC, AE, Discover, Voyag and Writer Express.

(Or $9 off Chevron In-Store Purchase)
ਇਥੇ ਪੰਜਾਬੀ ਰੈਸਟੋਰੈਂਟ ਵੀ ਹੈ ਅਤੇ ਹਰ ਵੇਲੇ ਪੰਜਾਬੀ ਖਾਣਾ ਮਿਲਦਾ ਹੈ।
Contact :
BALRAJ SINGH PANNU
541-942-0105
Chevron
1250, Gateway Blvd. Cottage, OR 97424,
Ph : 541-942-4142 Fax : 541-942-9668

PIONEER VILLA

Chevron
TRUCK PLAZA
MOTEL • RESTAURANT
LOUNGE • MINI-MART
GIFT SHOP • OPEN 24 HR
FLEET • MULTI SERVICE
WE ACCEPT-TCH T-CHECK
COM CHECK - EFS -
ALL MAJOR CREDIT CARDS
PREETI PANNU
(541) 369-2801
FAX (541) 369-3810
33180 HWY 228 HALSEY, OR 97348


ਕਈ ਵੀਰਾਂ ਦੇ
LICENSE CANCEL
ਹੋ ਰਹੇ ਹਨ ਤੇ ਹੁਣ
ਉਹ ਆਪਣਾ ਟਰੱਕ ਵੀ ਨਹੀਂ
ਚਲਾ ਸਕਦੇ।
ਕਿਉਂਕਿ DMV ਕਈ ਲੋਕਾਂ ਦੇ CDL License Cancel ਕਰ ਰਿਹਾ
ਖਾਸ ਕਰਕੇ ਉਹਨਾਂ ਦੇ ਜਿਨ੍ਹਾਂ ਕੋਲ
Green Card ਨਹੀਂ ਹੈ | I-485 Application ਅਜੇ Pending ਹੈ।
Ghuman Law Group ਤੁਹਾਡੇ ਨਾਲ ਹੈ
ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ :
Green Card Case ਨੂੰ ਜਲਦੀ ਹੱਲ ਕਰਨ ਵਿੱਚ
CDL ਅਤੇ ਕੰਮ ਨੂੰ ਬਚਾਉਣ ਲਈ Legal Guidance
Deportation ਜਾਂ Immigration Detention Cases ਵਿੱਚ Legal Advice
Appeals ਅਤੇ Immigration Process ਵਿੱਚ ਸਹਾਇਤਾ
Estate Planning ਰਾਹੀਂ Property ਅਤੇ Assets ਨੂੰ safe ਕਰਨ ਵਿੱਚ ਮਦਦ
ਤੁਹਾਡੇ ਪਰਿਵਾਰ ਦੇ ਭਵਿੱਖ ਨੂੰ Secure ਬਣਾਉਣ ਵਿੱਚ ਸਹਾਇਤਾ
GHUMAN LAW GROUP INC.
Criminal Defense, Family and Immigration Law
Deportation ਜਾਂ Immigration Process ਦੇ ਦੌਰਾਨ ਘਰ, ਨੌਕਰੀ, ਜਾਇਦਾਦ ਤੇ ਮਿਹਨਤ ਦੀ ਕਮਾਈ ਤਕ ਖਤਰੇ ਵਿੱਚ ਪੈ ਸਕਦੇ ਹਨ
ਹੁਣੇ ਸੰਪਰਕ ਕਰੋ : (228) 200-0001 (ਮੁਫ਼ਤ ਸਲਾਹ ਵੀ ਉਪਲਬਧ ਹੈ)
Ghuman Law Group ਤੁਹਾਡੇ ਹੱਕਾਂ ਦੀ ਮਜ਼ਬੂਤ ਆਵਾਜ਼ | ਤੁਹਾਡਾ Legal Partner


web -www.globaldrugtestinginc@gmail.com
email -info@globaltruckpermits.com
ਕੈਲੇਫੋਰਨੀਆ ਅੰਦਰ ਸਾਰੀਆਂ ਸੇਵਾਵਾਂ ਇੱਕੋ ਥਾਂ
GLOBAL TRUCK PERMITS
ਦੇ ਜ਼ਰੀਏ ਲੈ ਕੇ ਜਾਉ ਤੁਹਾਡੇ Business ਨੂੰ ਤਰੱਕੀਆਂ ਵੱਲ
ਟ੍ਰੱਕਰ ਵੀਰਾਂ ਵਾਸਤੇ, ਇੱਕ ਹੀ ਛੱਤ ਹੇਠ
New Company Permits
IRP Plates
Trailer Plates
Truck ELD
DOT Drug Testing
DOT Drug Testing | Compliance Services | Driver Hiring
Driver Files | Safety Audit | Clearing House | Driver Management
"ਸਾਡਾ ਇਸ ਕੰਮ ਵਿਚ
19 ਸਾਲ ਦਾ ਤਜਰਬਾ ਹੈ"
ਰਾਜਿੰਦਰ ਟਾਂਡਾ
ਅੱਜ ਹੀ ਕਾਲ ਕਰੋ :
Ph : (209) 636-0880 | Ph : (209) 364-3020 | Cell :(510) 557-6988
Address: 159 Darcy Pkwy Lathrop, CA 95330

# TAKE CONTROL OF YOUR HEALTH!

## PRIVATE, AFFORDABLE, & CONVENIENT

# 8000+ TESTS

General Health, Food Allergy Testing, Paternity Testing, Hormone Testing, Diabetes Monitoring, STD Testing, & More!

## NO INSURANCE? NO PROBLEM!

WALK-INS WELCOME

ANYLABTEST NOW



ਵਧੇਰੇ ਜਾਣਕਾਰੀ ਲਈ ਕਾਲ ਕਰੋ : (209) 629-8282 | (209) 505-6384

Address: 119. Maple AVe, Suite A Manteca, CA 95336



ਵਿਜੈ ਗਰਗ
ਰਿਟਾਇਰਡ ਪ੍ਰਿੰਸੀਪਲ
ਮਲੋਟ

# ਸਾਡੇ ਵਿਗਿਆਨੀਆਂ ਨੇ ਮੀਥੇਨ ਗੈਸ ਨਿਕਾਸ 'ਤੇ ਦੁਨੀਆ ਦੇ ਦਾਅਵਿਆਂ ਨੂੰ ਦਿਖਾਇਆ ਆਈਨਾ

ਜਲਵਾਯੂ ਪਰਿਵਰਤਨ ਅੱਜ ਪੂਰੀ ਦੁਨੀਆ ਨੂੰ ਦਰਪੇਸ਼ ਸਭ ਤੋਂ ਵੱਡੇ ਚੁਣੌਤੀਆਂ ਵਿੱਚੋਂ ਇੱਕ ਬਣ ਗਿਆ ਹੈ। ਧਰਤੀ ਦਾ ਵਧਦਾ ਤਾਪਮਾਨ, ਅਨਿਯਮਿਤ ਮੌਸਮ, ਗਲੇਸ਼ੀਅਰਾਂ ਦਾ ਪਿਘਲਣਾ, ਸਮੁੰਦਰ ਦੇ ਪੱਧਰ ਵਿੱਚ ਵਾਧਾ ਅਤੇ ਕੁਦਰਤੀ ਆਫ਼ਤਾਂ ਦੀ ਵਧਦੀ ਘਟਨਾ ਮਨੁੱਖੀ ਸਭਿਅਤਾ ਨੂੰ ਚੇਤਾਵਨੀ ਦੇ ਰਹੀ ਹੈ ਕਿ ਹੁਣ ਵਾਤਾਵਰਣ ਸੰਤੁਲਨ ਬਣਾਈ ਰੱਖਣ ਲਈ ਗੰਭੀਰ ਕਦਮ ਚੁੱਕਣੇ ਪੈਣਗੇ। ਇਸ ਵਿਸ਼ਵਵਿਆਪੀ ਬਹਿਸ ਦੇ ਕੇਂਦਰ ਵਿੱਚ ਸਭ ਤੋਂ ਵੱਧ ਜ਼ਿਕਰ ਕੀਤੇ ਗਏ ਗੈਸਾਂ ਵਿੱਚੋਂ, ਕਾਰਬਨ ਡਾਈਆਕਸਾਈਡ ਤੋਂ ਬਾਅਦ ਮੀਥੇਨ ਗੈਸ ਦਾ ਨਾਮ ਪ੍ਰਮੁੱਖ ਹੈ। ਮਿੱਥੇਨ ਗੈਸ ਨੂੰ ਵਾਯੂਮੰਡਲ ਵਿੱਚ ਘੱਟ ਮਾਤਰਾ ਵਿੱਚ ਹੋਣ ਦੇ ਬਾਵਜੂਦ ਕਾਰਬਨ ਡਾਈਆਕਸਾਈਡ ਨਾਲੋਂ ਕਈ ਗੁਣਾ ਜ਼ਿਆਦਾ ਪ੍ਰਭਾਵਸ਼ਾਲੀ ਗ੍ਰੀਨਹਾਊਸ ਗੈਸ ਮੰਨਿਆ ਜਾਂਦਾ ਹੈ।

ਪਿਛਲੇ ਕੁਝ ਸਾਲਾਂ ਵਿੱਚ ਅੰਤਰਰਾਸ਼ਟਰੀ ਮੰਚਾਂ 'ਤੇ ਭਾਰਤ ਸਮੇਤ ਕਈ ਵਿਕਾਸਸ਼ੀਲ ਦੇਸ਼ਾਂ ਨੂੰ ਮੀਥੇਨ ਗੈਸ ਦੇ ਨਿਕਾਸ ਬਾਰੇ ਸਵਾਲ ਕੀਤੇ ਗਏ ਹਨ। ਖਾਸ ਤੌਰ 'ਤੇ ਖੇਤੀਬਾੜੀ, ਪਸ਼ੂ ਪਾਲਣ ਅਤੇ ਧਾਨ ਦੀ ਕਾਸ਼ਤ ਨੂੰ ਲੈ ਕੇ ਇਹ ਦਾਅਵਾ ਕੀਤਾ ਗਿਆ ਕਿ ਭਾਰਤ ਵਰਗੇ ਦੇਸ਼ਾਂ ਤੋਂ ਵੱਡੀ ਮਾਤਰਾ ਵਿੱਚ ਮੀਥੇਨ ਦਾ ਨਿਕਾਸ ਹੋ ਰਿਹਾ ਹੈ। ਕਈ ਅੰਤਰਰਾਸ਼ਟਰੀ ਸੰਸਥਾਵਾਂ ਅਤੇ ਪੱਛਮੀ ਦੇਸ਼ਾਂ ਦੀਆਂ ਰਿਪੋਰਟਾਂ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਜੇਕਰ ਭਾਰਤ ਆਪਣੇ ਖੇਤੀਬਾੜੀ ਢਾਂਚੇ ਨੂੰ ਨਹੀਂ ਬਦਲਦਾ, ਤਾਂ ਗਲੋਬਲ ਵਾਰਮਿੰਗ ਨੂੰ ਕੰਟਰੋਲ ਕਰਨਾ ਮੁਸ਼ਕਲ ਹੋ ਜਾਵੇਗਾ। ਪਰ ਹਾਲ ਹੀ ਵਿੱਚ ਭਾਰਤੀ ਵਿਗਿਆਨੀਆਂ ਦੁਆਰਾ ਕੀਤੇ ਗਏ ਖੋਜ ਅਤੇ ਅੰਕੜਿਆਂ ਨੇ ਇਨ੍ਹਾਂ ਦਾਅਵਿਆਂ 'ਤੇ ਗੰਭੀਰ ਸਵਾਲ ਉਠਾਏ ਹਨ।

ਭਾਰਤ ਦੇ ਵਿਗਿਆਨੀਆਂ ਨੇ ਸੈਟੇਲਾਈਟ ਅੰਕੜਿਆਂ, ਜ਼ਮੀਨੀ ਮਾਪਾਂ ਅਤੇ ਵਿਗਿਆਨਕ ਵਿਸ਼ਲੇਸ਼ਣ ਦੇ ਆਧਾਰ 'ਤੇ ਇਹ ਸਪੱਸ਼ਟ ਕੀਤਾ ਕਿ ਦੁਨੀਆ ਵਿੱਚ ਮੀਥੇਨ ਦੇ ਨਿਕਾਸ ਬਾਰੇ ਜੋ ਅਨੁਮਾਨ ਲਗਾਏ ਜਾ ਰਹੇ ਸਨ, ਉਨ੍ਹਾਂ ਵਿੱਚ ਕਈ ਪੱਧਰਾਂ 'ਤੇ ਅਸੰਗਤੀਆਂ ਅਤੇ ਅਤਿਕਥਨੀ ਮੌਜੂਦ ਸੀ। ਭਾਰਤੀ ਖੋਜ ਸੰਸਥਾਵਾਂ ਦੇ ਵਿਗਿਆਨੀਆਂ ਨੇ ਦੱਸਿਆ ਕਿ ਭਾਰਤ ਦੇ ਖੇਤੀਬਾੜੀ ਖੇਤਰ ਤੋਂ ਅਸਲ ਮੀਥੇਨ ਨਿਕਾਸ ਅਤੇ ਅੰਤਰਰਾਸ਼ਟਰੀ ਏਜੰਸੀਆਂ ਦੁਆਰਾ ਪੇਸ਼ ਕੀਤੇ ਗਏ ਅੰਕੜਿਆਂ ਵਿੱਚ ਵੱਡਾ ਫ਼ਰਕ ਹੈ। ਇਹ ਨਾ ਸਿਰਫ਼ ਇੱਕ ਵਿਗਿਆਨਕ ਪ੍ਰਾਪਤੀ ਹੈ, ਸਗੋਂ ਵਿਸ਼ਵਵਿਆਪੀ ਵਾਤਾਵਰਣ ਚਰਚਾ ਵਿੱਚ ਭਾਰਤ ਦੀ ਵਧਦੀ ਵਿਗਿਆਨਕ ਭਰੋਸੇਯੋਗਤਾ ਦਾ ਵੀ ਸਬੂਤ ਹੈ।

ਭਾਰਤ ਲੰਬੇ ਸਮੇਂ ਤੋਂ ਇਹ ਕਹਿ ਰਿਹਾ ਹੈ ਕਿ ਜਲਵਾਯੂ ਪਰਿਵਰਤਨ ਦੀ ਜ਼ਿੰਮੇਵਾਰੀ ਸਿਰਫ਼ ਵਿਕਾਸਸ਼ੀਲ ਦੇਸ਼ਾਂ 'ਤੇ ਪਾਉਣਾ ਉਚਿਤ ਨਹੀਂ ਹੈ। ਵਿਕਸਤ ਦੇਸ਼ਾਂ ਨੇ ਉਦਯੋਗਿਕ ਕ੍ਰਾਂਤੀ ਤੋਂ ਬਾਅਦ ਦੇ ਦਹਾਕਿਆਂ ਤੱਕ ਵੱਡੇ ਪੱਧਰ 'ਤੇ ਜੈਵਿਕ ਬਾਲਣ ਦੀ ਵਰਤੋਂ ਕੀਤੀ, ਭਾਰੀ ਉਦਯੋਗ ਸਥਾਪਤ ਕੀਤੇ ਅਤੇ ਕੁਦਰਤੀ ਸਰੋਤਾਂ ਦਾ ਨਿਰਦੋਸ਼ ਸ਼ੋਸ਼ਣ ਕੀਤਾ। ਇਸ ਦੇ ਨਤੀਜੇ ਵਜੋਂ ਵਾਯੂਮੰਡਲ ਵਿੱਚ ਗ੍ਰੀਨਹਾਊਸ ਗੈਸਾਂ ਦੀ ਮਾਤਰਾ ਲਗਾਤਾਰ ਵਧਦੀ ਗਈ। ਅੱਜ ਜਦੋਂ ਦੁਨੀਆ ਜਲਵਾਯੂ ਸੰਕਟ ਦਾ ਸਾਹਮਣਾ ਕਰ ਰਹੀ ਹੈ, ਤਾਂ ਵਿਕਾਸਸ਼ੀਲ ਦੇਸ਼ਾਂ 'ਤੇ ਨਿਕਾਸ ਘਟਾਉਣ ਲਈ ਦਬਾਅ ਪਾਇਆ ਜਾ ਰਿਹਾ ਹੈ, ਭਾਵੇਂ ਕਿ ਉਨ੍ਹਾਂ ਦੇ ਪ੍ਰਤੀ ਵਿਅਕਤੀ ਨਿਕਾਸ ਵਿਕਸਤ ਦੇਸ਼ਾਂ ਨਾਲੋਂ ਕਾਫ਼ੀ ਘੱਟ ਹਨ।

ਭਾਰਤੀ ਵਿਗਿਆਨੀਆਂ ਦੇ ਅਧਿਐਨ ਨੇ ਇਹ ਵੀ ਉਜਾਗਰ ਕੀਤਾ ਕਿ ਬਹੁਤ ਸਾਰੇ ਅੰਤਰਰਾਸ਼ਟਰੀ ਮਾਡਲ ਸਥਾਨਕ ਹਾਲਾਤਾਂ, ਖੇਤੀਬਾੜੀ ਅਭਿਆਸਾਂ ਅਤੇ ਮੌਸਮੀ ਭਿੰਨਤਾਵਾਂ ਨੂੰ ਸਹੀ ਢੰਗ ਨਾਲ ਨਹੀਂ ਸਮਝਦੇ। ਉਦਾਹਰਣ ਵਜੋਂ, ਭਾਰਤ ਵਿੱਚ ਧਾਨ ਦੀ ਖੇਤੀ ਦੇ ਤਰੀਕੇ, ਪਾਣੀ ਪ੍ਰਬੰਧਨ ਅਤੇ ਪਸ਼ੂ ਪਾਲਣ ਦਾ ਢਾਂਚਾ ਪੱਛਮੀ ਦੇਸ਼ਾਂ ਨਾਲੋਂ ਕਾਫ਼ੀ ਵੱਖਰਾ ਹੈ। ਜੇਕਰ ਇਹਨਾਂ ਸਥਾਨਕ ਕਾਰਕਾਂ ਨੂੰ ਧਿਆਨ ਵਿੱਚ ਰੱਖੇ ਬਿਨਾਂ ਸਿਰਫ਼ ਇੱਕ ਆਮ ਮਾਡਲ ਦੇ ਆਧਾਰ 'ਤੇ ਅੰਕੜੇ ਤਿਆਰ ਕੀਤੇ ਜਾਂਦੇ ਹਨ, ਤਾਂ ਨਤੀਜੇ ਉਲਝਣ ਵਾਲੇ ਹੋ ਸਕਦੇ ਹਨ। ਭਾਰਤੀ ਵਿਗਿਆਨੀਆਂ ਨੇ ਇਸ ਵਿਗਿਆਨਕ ਘਾਟ ਵੱਲ ਦੁਨੀਆ ਦਾ ਧਿਆਨ ਖਿੱਚਿਆ।

ਇਹ ਪ੍ਰਾਪਤੀ ਇਸ ਲਈ ਵੀ ਮਹੱਤਵਪੂਰਨ ਹੈ ਕਿਉਂਕਿ ਵਿਗਿਆਨ ਸਿਰਫ਼ ਪ੍ਰਯੋਗਸ਼ਾਲਾਵਾਂ ਤੱਕ ਸੀਮਤ ਵਿਸ਼ਾ ਨਹੀਂ ਹੈ। ਵਿਗਿਆਨਕ ਅੰਕੜੇ ਅੰਤਰਰਾਸ਼ਟਰੀ ਨੀਤੀਆਂ, ਵਪਾਰਕ ਸਮਝੌਤਿਆਂ ਅਤੇ ਵਿਸ਼ਵਵਿਆਪੀ ਰਾਜਨੀਤੀ ਨੂੰ ਵੀ ਪ੍ਰਭਾਵਿਤ ਕਰਦੇ ਹਨ। ਜੇਕਰ ਕਿਸੇ ਦੇਸ਼ 'ਤੇ ਬਹੁਤ ਜ਼ਿਆਦਾ ਮੀਥੇਨ ਨਿਕਾਸ ਕਰਨ ਦਾ ਦੋਸ਼ ਲਗਾਇਆ ਜਾਂਦਾ ਹੈ, ਤਾਂ ਉਸ ਉੱਤੇ ਖੇਤੀਬਾੜੀ ਸੁਧਾਰਾਂ, ਉਤਪਾਦਨ ਸੀਮਾਵਾਂ ਅਤੇ ਆਰਥਿਕ ਦਬਾਅ ਵਧ ਸਕਦੇ ਹਨ। ਅਜਿਹੇ ਸਮੇਂ ਵਿੱਚ, ਭਾਰਤੀ ਵਿਗਿਆਨੀਆਂ ਦੁਆਰਾ ਤੱਥਾਂ 'ਤੇ ਆਧਾਰਿਤ ਅਤੇ ਸਬੂਤ-ਅਧਾਰਤ ਖੋਜ ਪੇਸ਼ ਕਰਨਾ ਦੇਸ਼ ਦੇ ਹਿੱਤਾਂ ਦੀ ਰੱਖਿਆ ਲਈ ਬਹੁਤ ਜ਼ਰੂਰੀ ਸੀ।

ਭਾਰਤ ਵਿੱਚ ਵਿਗਿਆਨਕ ਖੋਜ ਬਾਰੇ ਅਕਸਰ ਇਹ ਸ਼ਿਕਾਇਤ ਕੀਤੀ ਜਾਂਦੀ ਹੈ ਕਿ ਸਾਡੇ ਵਿਗਿਆਨੀਆਂ ਨੂੰ ਕਾਫ਼ੀ ਸਰੋਤ ਅਤੇ ਵਿਸ਼ਵਵਿਆਪੀ ਮਾਨਤਾ ਨਹੀਂ ਮਿਲਦੀ। ਪਰ ਇਸ ਪ੍ਰਾਪਤੀ ਨੇ ਸਾਬਤ ਕੀਤਾ ਕਿ ਸੀਮਤ ਸਰੋਤਾਂ ਦੇ ਬਾਵਜੂਦ, ਭਾਰਤੀ ਵਿਗਿਆਨੀ ਵਿਸ਼ਵ ਪੱਧਰ 'ਤੇ ਪ੍ਰਭਾਵਸ਼ਾਲੀ ਖੋਜ ਕਰਨ ਦੀ ਸਮਰੱਥਾ ਰੱਖਦੇ ਹਨ। ਭਾਰਤੀ ਪੁਲਾੜ ਖੋਜ ਸੰਗਠਨ, ਮੌਸਮ ਵਿਗਿਆਨ ਸੰਸਥਾ, ਵਾਤਾਵਰਣ ਵਿਗਿਆਨ ਕੇਂਦਰ ਅਤੇ ਵੱਖ-ਵੱਖ ਯੂਨੀਵਰਸਿਟੀਆਂ ਦੇ ਵਿਗਿਆਨੀ ਲਗਾਤਾਰ ਅਜਿਹੀ ਖੋਜ ਕਰ ਰਹੇ ਹਨ ਜੋ ਨਾ ਸਿਰਫ਼ ਭਾਰਤ ਲਈ ਸਗੋਂ ਪੂਰੀ ਦੁਨੀਆ ਲਈ ਲਾਭਦਾਇਕ ਹੈ।

ਮੀਥੇਨ ਗੈਸ ਦੇ ਨਿਕਾਸ ਦੇ ਮੁੱਦੇ 'ਤੇ ਭਾਰਤ ਦਾ ਪੱਖ ਮਜ਼ਬੂਤ ਹੋਣ ਦਾ ਇੱਕ ਹੋਰ ਕਾਰਨ ਇਹ ਹੈ ਕਿ ਭਾਰਤ ਨੇ ਨਵਿਆਉਣਯੋਗ ਊਰਜਾ ਦੇ ਖੇਤਰ ਵਿੱਚ ਮਹੱਤਵਪੂਰਨ ਤਰੱਕੀ ਕੀਤੀ ਹੈ। ਸੂਰਜੀ ਊਰਜਾ, ਹਵਾ ਊਰਜਾ, ਹਰੇ ਹਾਈਡ੍ਰੋਜਨ ਅਤੇ ਜੈਵ ਬਾਲਣ ਦੇ ਖੇਤਰ ਵਿੱਚ ਭਾਰਤ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ। ਅੰਤਰਰਾਸ਼ਟਰੀ ਸੂਰਜੀ ਗੱਠਜੋੜ ਵਰਗੀਆਂ ਪਹਿਲਕਦਮੀਆਂ ਦਰਸਾਉਂਦੀਆਂ ਹਨ ਕਿ ਭਾਰਤ ਨਾ ਸਿਰਫ਼ ਆਲੋਚਨਾ ਦਾ ਜਵਾਬ ਦੇ ਰਿਹਾ ਹੈ, ਸਗੋਂ ਹੱਲ ਪੇਸ਼ ਕਰਨ ਵਿੱਚ ਵੀ ਮੋਹਰੀ ਭੂਮਿਕਾ ਨਿਭਾ ਰਿਹਾ ਹੈ। ਇਸ ਤਰ੍ਹਾਂ, ਭਾਰਤ ਨੂੰ ਸਿਰਫ਼ ਨਿਕਾਸ ਦੇ ਅੰਕੜਿਆਂ 'ਤੇ ਹੀ ਝੁਕਾਅ ਵਿੱਚ ਪਾਉਣਾ ਉਚਿਤ ਨਹੀਂ ਕਿਹਾ ਜਾ ਸਕਦਾ।

ਇਹ ਵੀ ਧਿਆਨ ਦੇਣ ਯੋਗ ਹੈ ਕਿ ਮੀਥੇਨ ਨਿਕਾਸ ਦਾ ਸਵਾਲ ਸਿਰਫ਼ ਵਿਗਿਆਨ ਨਾਲ ਹੀ ਨਹੀਂ, ਸਗੋਂ ਭੋਜਨ ਸੁਰੱਖਿਆ ਅਤੇ ਕਿਸਾਨਾਂ ਦੀ ਰੋਜ਼ੀ-ਰੋਟੀ ਨਾਲ ਵੀ ਜੁੜਿਆ ਹੋਇਆ ਹੈ। ਭਾਰਤ ਵਰਗੇ ਦੇਸ਼ ਵਿੱਚ ਕਰੋੜਾਂ ਲੋਕ ਖੇਤੀਬਾੜੀ ਅਤੇ ਪਸ਼ੂ ਪਾਲਣ 'ਤੇ ਨਿਰਭਰ ਕਰਦੇ ਹਨ। ਜੇਕਰ ਠੋਸ ਵਿਗਿਆਨਕ ਆਧਾਰ ਤੋਂ ਬਿਨਾਂ ਸਖ਼ਤ ਨੀਤੀਆਂ ਲਾਗੂ ਕੀਤੀਆਂ ਜਾਂਦੀਆਂ ਹਨ, ਤਾਂ ਇਸਦਾ ਸਿੱਧਾ ਪ੍ਰਭਾਵ ਕਿਸਾਨਾਂ ਦੀ ਆਮਦਨ ਅਤੇ ਭੋਜਨ ਉਤਪਾਦਨ 'ਤੇ ਪੈ ਸਕਦਾ ਹੈ। ਇਸ ਲਈ ਭਾਰਤੀ ਵਿਗਿਆਨੀਆਂ ਦਾ ਇਹ ਯਤਨ ਸਿਰਫ਼ ਵਾਤਾਵਰਣ ਸੰਬੰਧੀ ਬਹਿਸ ਤੱਕ ਹੀ ਨਹੀਂ, ਸਗੋਂ ਸਮਾਜਿਕ ਅਤੇ ਆਰਥਿਕ ਤੌਰ 'ਤੇ ਵੀ ਬਹੁਤ ਮਹੱਤਵਪੂਰਨ ਹੈ।


ਅੱਜ ਲੋੜ ਇਹ ਹੈ ਕਿ ਜਲਵਾਯੂ ਪਰਿਵਰਤਨ 'ਤੇ ਵਿਸ਼ਵਵਿਆਪੀ ਗੱਲਬਾਤ ਨਿਰਪੱਖ, ਵਿਗਿਆਨਕ ਅਤੇ ਸੰਤੁਲਿਤ ਹੋਵੇ। ਵਿਕਸਤ ਦੇਸ਼ਾਂ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਵਿਕਾਸਸ਼ੀਲ ਦੇਸ਼ਾਂ ਦੀਆਂ ਸਥਿਤੀਆਂ ਵੱਖਰੀਆਂ ਹਨ। ਜਲਵਾਯੂ ਨਿਆਂ ਦਾ ਸਿਧਾਂਤ ਉਦੋਂ ਹੀ ਸਾਰਥਕ ਹੋਵੇਗਾ ਜਦੋਂ ਇਤਿਹਾਸਕ ਜ਼ਿੰਮੇਵਾਰੀਆਂ, ਆਰਥਿਕ ਸਮਰੱਥਾਵਾਂ ਅਤੇ ਵਿਕਾਸ ਦੀਆਂ ਜ਼ਰੂਰਤਾਂ ਨੂੰ ਬਰਾਬਰ ਮਹੱਤਵ ਦਿੱਤਾ ਜਾਵੇਗਾ

ਜਦੋਂ ਇਤਿਹਾਸਕ ਜ਼ਿੰਮੇਵਾਰੀਆਂ, ਆਰਥਿਕ ਸਮਰੱਥਾਵਾਂ ਅਤੇ ਵਿਕਾਸ ਦੀਆਂ ਜ਼ਰੂਰਤਾਂ ਨੂੰ ਬਰਾਬਰ ਮਹੱਤਵ ਦਿੱਤਾ ਜਾਂਦਾ ਹੈ। ਭਾਰਤ ਦੀ ਇਹ ਵਿਗਿਆਨਕ ਦਖਲਅੰਦਾਜ਼ੀ ਇਸੇ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਮੰਨਿਆ ਜਾ ਸਕਦਾ ਹੈ।

ਭਾਰਤੀ ਵਿਗਿਆਨੀਆਂ ਦੀ ਇਸ ਪ੍ਰਾਪਤੀ ਨੇ ਇੱਕ ਵਾਰ ਫਿਰ ਸਾਬਤ ਕੀਤਾ ਹੈ ਕਿ ਵਿਗਿਆਨ ਵਿੱਚ ਸਵੈ-ਨਿਰਭਰਤਾ ਸਿਰਫ਼ ਤਕਨੀਕੀ ਤਰੱਕੀ ਦਾ ਸਵਾਲ ਨਹੀਂ ਹੈ, ਸਗੋਂ ਰਾਸ਼ਟਰੀ ਸਨਮਾਨ ਅਤੇ ਨੀਤੀ ਨਿਰਮਾਣ ਨਾਲ ਜੁੜੀ ਹੋਈ ਹੈ। ਜਦੋਂ ਕੋਈ ਦੇਸ਼ ਆਪਣੇ ਅੰਕੜੇ, ਆਪਣੀ ਖੋਜ ਅਤੇ ਆਪਣੇ ਨਤੀਜੇ ਪੇਸ਼ ਕਰਦਾ ਹੈ ਤਾਂ ਹੀ ਉਹ ਵਿਸ਼ਵ ਮੰਚਾਂ 'ਤੇ ਆਤਮਵਿਸ਼ਵਾਸ ਨਾਲ ਬੋਲ ਸਕਦਾ ਹੈ।

ਭਵਿੱਖ ਵਿੱਚ ਜਲਵਾਯੂ ਪਰਿਵਰਤਨ ਦੀਆਂ ਚੁਣੌਤੀਆਂ ਹੋਰ ਵੀ ਗੰਭੀਰ ਹੋਣ ਵਾਲੀਆਂ ਹਨ। ਅਜਿਹੇ ਵਿੱਚ ਭਾਰਤ ਨੂੰ ਆਪਣੀ ਵਿਗਿਆਨਕ ਖੋਜ ਨੂੰ ਹੋਰ ਮਜ਼ਬੂਤ ਕਰਨਾ ਪਵੇਗਾ। ਨੌਜਵਾਨਾਂ ਨੂੰ ਵਿਗਿਆਨ ਵੱਲ ਪ੍ਰੇਰਿਤ ਕਰਨਾ, ਖੋਜ ਸੰਸਥਾਵਾਂ ਨੂੰ ਸਰੋਤ ਪ੍ਰਦਾਨ ਕਰਨਾ ਅਤੇ ਵਿਗਿਆਨਕ ਦ੍ਰਿਸ਼ਟੀਕੋਣ ਨੂੰ ਉਤਸ਼ਾਹਿਤ ਕਰਨਾ ਸਮੇਂ ਦੀ ਲੋੜ ਹੈ। ਕਿਉਂਕਿ ਆਉਣ ਵਾਲੇ ਸਮੇਂ ਵਿੱਚ ਉਹੀ ਦੇਸ਼ ਦੁਨੀਆ ਦੀ ਅਗਵਾਈ ਕਰਨਗੇ ਜੋ ਵਿਗਿਆਨ, ਤਕਨਾਲੋਜੀ ਅਤੇ ਨਵੀਨਤਾ ਦੇ ਖੇਤਰ ਵਿੱਚ ਅੱਗੇ ਹਨ।

ਅੰਤ ਵਿੱਚ, ਮਿਥੇਨ ਗੈਸ ਦੇ ਨਿਕਾਸ 'ਤੇ ਭਾਰਤੀ ਵਿਗਿਆਨੀਆਂ ਦੁਆਰਾ ਪੇਸ਼ ਕੀਤੇ ਗਏ ਤੱਥ ਸਿਰਫ਼ ਇੱਕ ਖੋਜ ਨਹੀਂ ਹੈ, ਸਗੋਂ ਇਹ ਸੰਦੇਸ਼ ਹੈ ਕਿ ਵਿਸ਼ਵਵਿਆਪੀ ਬਹਿਸਾਂ ਵਿੱਚ ਵਿਕਾਸਸ਼ੀਲ ਦੇਸ਼ਾਂ ਦੀ ਆਵਾਜ਼ ਵੀ ਓਨੀ ਹੀ ਮਹੱਤਵਪੂਰਨ ਹੈ। ਭਾਰਤ ਨੇ ਦੁਨੀਆ ਨੂੰ ਇਹ ਦਿਖਾਇਆ ਕਿ ਵਿਗਿਆਨਕ ਸੱਚ ਕਿਸੇ ਇੱਕ ਦੇਸ਼ ਜਾਂ ਸੰਸਥਾ ਦਾ ਅਧਿਕਾਰ ਨਹੀਂ ਹੁੰਦਾ। ਸੱਚ ਉਹ ਹੈ ਜੋ ਸਬੂਤ, ਖੋਜ ਅਤੇ ਨਿਰਪੱਖ ਵਿਸ਼ਲੇਸ਼ਣ 'ਤੇ ਅਧਾਰਤ ਹੋਵੇ। ਭਾਰਤੀ ਵਿਗਿਆਨੀਆਂ ਨੇ ਆਪਣੇ ਗਿਆਨ ਅਤੇ ਮਿਹਨਤ ਨਾਲ ਦੁਨੀਆ ਨੂੰ ਇਹੀ ਸ਼ੀਸ਼ਾ ਦਿਖਾਇਆ ਹੈ।






# ਪਬਲਿਕ ਹਿਤ ਵਿਚ ਸੂਚਨਾ

ਜਿੱਥੇ ਜਿੱਥੇ ਵੀ ਇਹ ਅਵਾਜ ਪਹੁੰਚ ਰਹੀ ਹੈ ਮੈਂ ਗੁਰਦੀਪ ਸਿੰਘ ਸੰਧੂ ਹੋਮਿਓਪੈਥਿਕ ਕਨਸਲਟੈਂਟ ਉਮਰ ਦੇ ਪੰਝਤਰਵੇਂ ਸਾਲ ਵਿੱਚ ਮੇਰੀ ਮੈਡੀਕਲ ਪ੍ਰੈਕਟਿਸ ਦੇ ਪੰਜਾਹ ਸਾਲ ਪੂਰੇ ਹੋਣ ਤੇ ਅਤੇ ਇਸ ਵਕਤ ਅਮੈਰਿਕਨ ਇਕੋਨਮੀ ਦੀ ਸਭ ਤੋਂ ਮਾੜੀ ਹਾਲਤ ਹੋਣ ਕਰਕੇ ਇਹ ਐਲਾਨ ਕਰਦਾ ਹਾ ਕਿ ਹਰੇਕ ਬਿਮਾਰ ਜੋ ਕਿਸੇ ਵੀ ਉਮਰ ਵਿੱਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਥੱਕ ਗਏ ਹਨ ਤਾਂ ਕੀਮਤਾਂ ਦੀ ਪ੍ਰਵਾਹ ਕੀਤੇ ਬਿਨਾਂ ਜੋ ਵੀ ਤੁਹਾਡੀ ਜੇਬ ਇਜਾਜ਼ਤ ਦੇਵੇ ਉਹੀ ਦੇ ਕੇ ਇਲਾਜ ਕਰਵਾ ਸਕਦੇ ਹੋ। ਬੱਸ ਇੱਕ ਗੱਲ ਯਾਦ ਰੱਖਣਾ ਕਿ ਮੁਰਗੀ ਨਾ ਮਰੇ ਤੇ ਅੰਡੇ ਮਿਲਦੇ ਰਹਿਣ ਮੇਰੀ ਇਲਾਜ ਕਰਨ ਦੀ ਸਮਰੱਥਾ ਵੀ ਬਣੀ ਰਹੇ ਤੇ ਤੁਹਾਡਾ ਵੀ ਘੱਟ ਖਰਚ ਨਾਲ ਇਲਾਜ ਹੋ ਸਕੇ ।

ਕਾਲ ਕਰ ਸਕਦੇ ਹੋ 408-687-1899

ਮੇਰੇ ਵੱਲੋਂ ਸਿਹਤ ਵਿਗਿਆਨ ਦੀ ਲੜੀਵਾਰ ਸੀਰੀਜ ਸੁਣਨ ਲਈ ਮੇਰਾ ਯੂ ਟਿਊਬ ਚੈਨਲ, **https://youtu.be/-DUhK3cACEU SabRangstation.com** ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 **AM** ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

# INFORMATION IN PUBLIC INTREST

I, Gurdip S Sandhu Homeopathic consultant at the completion of my 50 years of medical practice and in my 75 year of age and in worst condition of American economy, I declare that any one suffering and tired of any treatment for any disease at any age call for best homeopathic treatment with economical price charges which suites to your pocket but Make sure you take the egg and still the hen survives so that I can continue serving your health needs.

To listen to my health education lecture series, go to https://youtu.be/-DUhK3cACEU, Sabrangstation.com you can listen in cars @ Radio Sabrang and Radio Parwas while driving from 5pm to 6 pm. Facebook, Youtube Radio Punjab 1310 AM tune to 3.35pm to 3.55 pm Daily in Punjabi and 4.35 to 4.55 in Hindi . TV Sanjhi Soch Monday, Wednesday  Friday in Punjabi.


## HOMEOPATHIC NATURAL MEDICINES

**When Tired of All Treatments,
For any Disease, at any Age
Try Alternative Treatment**

**Safe and Effective Medicines without any Side Effects**



**GURDIP S SANDHU**




**Consultant/Physician
Since 1973
DHMS-Gold Medalist,
BAMS, MDEH
Ex-Prof, Principal &
CMO Medical
Colleges/Hospitals in
India**

**(408) 687-1899    (925) 587-1148**

**Homeopathic Medicine and Notary Consultancy**

9701 SARA ANN CT DUBLIN, CA 94568

**PRACTICE UNDER PROVISION OF ACT SB_577 STATE OF CA**


WE HAVE THE CHEAPEST FARES TO INDIA
LEGEND TRAVEL
arc
accredited agency
CST # 207524-40
Special Fares To India From West-coast (us) On Air India Direct Flights
AIR INDIA
JATINDER SINGH
LOWEST AIRFARES FROM USA TO INDIA
★Travel Insurance ★ Great last Minute Deals ★ Offices in India
ਜੇ ਤੁਹਾਨੂੰ ਕਿਤੋਂ ਵੀ ਟਿਕਟ ਨਾ ਮਿਲੇ ਤਾਂ ਸਾਨੂੰ ਇਕ ਵਾਰ ਫੋਨ ਕਰੋ
ਅਸੀਂ ਸਾਰੀਆਂ ਏਅਰਲਾਈਨਜ਼ ਨਾਲ ਕੰਮ ਕਰਦੇ ਹਾਂ।
CALL US
(510) 797-9010
USA OFFICE: 2450 PERALTA BLVD., STE 106-108,
FREMONT CA 94536 PH.: 510-797-9010
Website: www.legendamerica.net
Emirates
CATHAY PACIFIC
ASIANA AIRLINES
JET AIRWAYS
CHINA AIRLINES
BRITISH AIRWAYS
SINGAPORE AIRLINES
Lufthansa
ANA

# RESIDENTIAL, COMMERCIAL AND SOLAR FARMS

**with Singhsloar High performance Bifacial Smart Panels**

ਅਮਰੀਕਾ ਦੇ ਕਿਸੇ ਵੀ ਹਿੱਸੇ ਆਪਣੇ ਘਰ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ

100% CUSTOMER SATISFACTION GUARANTEED

SINGH SOLAR



## ਬਿਜਲੀ ਦੇ ਬਿੱਲ ਤੋਂ ਹਮੇਸ਼ਾ ਲਈ ਛੁਟਕਾਰਾ

**ਸਿਰ.ਫ ਇਕ ਕਾਲ - ਵੱਡੀ ਬੱਚਤ**

# 510-706-1300

singhsolarusa@gmail.com



SANJHI SOCH
ਬਘੇਲ ਸਿੰਘ ਧਾਲੀਵਾਲ
99142-58142

# ਖੁੱਲ੍ਹਾ ਖਤ

ਖ਼ਤ, ਮੁੱਖ ਮੰਤਰੀ ਪੰਜਾਬ ਦੇ ਨਾਮ

ਸਤਿਕਾਰ ਯੋਗ ਮੁੱਖ ਮੰਤਰੀ ਸਾਹਿਬ,ਦਾਸ ਦੀ ਫਤਿਹ ਪਰਵਾਨ ਕਰਨੀ ਜੀ।

ਮਾਨ ਸਾਹਿਬ ਪੰਜਾਬ ਦੀ ਧਰਤੀ ਨੇ ਬੜੇ ਚੰਗੇ,ਮੰਦੇ,ਗੂਹੜੇ,ਫਿੱਕੇ ਰੰਗਾਂ ਦੀ ਪੈਦਾਵਾਰ ਦਿੱਤੀ ਹੈ। ਇਹੋ ਸੁਹਾਵੀ ਧਰਤ ਹੈ ਜਿੱਥੇ ਸਿੱਖਾਂ ਦਾ ਰੂਹਾਨੀ ਤਖਤ ਸੁਸ਼ੋਭਤ ਹੈ।ਜਿੱਥੇ ਕਦੇ ਬਾਬਾ ਦੀਪ ਸਿੰਘ ਜੀ ਦੇ ਧੜ ਤੋਂ ਸਿਰ ਵੱਖ ਹੋਣ ਮਗਰੋਂ ਵੀ ਉਹਨਾਂ ਦੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਆਣ ਬਾਣ ਦੀ ਰਾਖੀ ਲਈ ਵਧਦੇ ਕਦਮ ਰੁਕੇ ਨਹੀ ਸਨ,ਅਤੇ ਇਹੋ ਧਰਤੀ ਹੈ ਜਿੱਥੇ 30 ਕੁ ਸਿੱਖਾਂ ਨੇ ਵੀ ਦੁਸ਼ਮਣ ਦੀਆਂ ਲੱਖਾਂ ਫੌਜਾਂ ਦਾ ਰਾਹ ਰੋਕਿਆ ਅਤੇ ਤਿੰਨ ਕੁ ਸੌ ਨੇ ਵੀ ਟੈਂਕਾਂ ਤੋਪਾਂ ਦੇ ਰਾਹ ਰੋਕ ਕੇ ਦੁਸ਼ਮਣਾਂ ਨੂੰ ਇਹ ਸੋਚਣ ਲਈ ਮਜਬੂ ਕਰ ਦਿੱਤਾ ਕਿ ਲੱਖਾਂ ਦੀ ਗਿਣਤੀ ਅਤੇ ਟੈਕਾਂ ਤੋਪਾਂ ਦੀ ਬੰਬਾਰੀ ਸਿੱਖਾਂ ਦੇ ਹੌਸਲੇ ਨੂੰ ਤੋੜ ਸਕਣ ਦੇ ਯੋਗ ਬਣੀ ਹੀ ਨਹੀ ਹੈ। ਇਹ ਵੀ ਸੱਚ ਹੈ ਕਿ ਜਦੋਂ ਜਦੋਂ ਕੋਈ ਸੱਤਾ ਦੇ ਨਸ਼ੇ ਵਿੱਚ ਚੂਰ ਸੂਬੇ ਦਾ ਸਿੱਖ ਹਾਕਮ ਆਪਣੀਆਂ ਸੰਸਥਾਵਾਂ, ਆਪਣੇ ਤਖ਼ਤਾਂ ਅਤੇ ਆਪਣੀ ਮਰਯਾਦਾ ਨਾਲ ਖਹਿਆ ਹੈ, ਉਦੋਂ ਉਦੋਂ ਗੁਰੂ ਰਾਮਦਾਸ ਪਾਤਸ਼ਾਹ ਨੇ ਉਸਨੂੰ ਬੜੀ ਕਰੜੀ ਸਜ਼ਾ ਦਿੱਤੀ ਹੈ।ਸੋਸ਼ਲ ਮੀਡੀਆ ‘ਤੇ ਤੁਹਾਡੀ ਉਹ ਵੀਡੀਓ ਵੇਖੀ ਜਿਸ ਵਿੱਚ ਤੁਸੀਂ ਸਿੱਖਾਂ ਨੂੰ ਅਜਾਦ ਪ੍ਰਭੂਸੱਤਾ ਦਾ ਸਿਧਾਂਤ ਦੇਣ ਵਾਲੇ ਛੇਵੇਂ ਨਾਨਕ,ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਸਰਬ ਉੱਚ ਅਸਥਾਨ ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਨੂੰ ਸਿੱਧਾ ਚੈਲੰਜ ਕਰਦੇ ਹੋਏ ਆਖਿਆ ਕਿ “ਜਾਓ, ਜਿਹੜੀ ਬੈਠਕ ਕਰਨੀ ਹੈ ਕਰ ਲਓ, ਕਾਨੂੰਨ ਤਾਂ ਬਣ ਗਿਆ ਹੈ, ਹੁਣ ਵਾਪਸ ਨਹੀਂ ਹੋਣਾ।” ਮਾਨ ਸਾਹਿਬ, ਕੌਮਾਂ ਦੇ ਇਤਿਹਾਸ ਵਿੱਚ ਅਜਿਹੇ ਬੋਲ ਕਈ ਵਾਰੀ ਪੀੜੀਆਂ ਲਈ ਕਲੰਕ ਬਣ ਕੇ ਲਿਖੇ ਜਾਂਦੇ ਨੇ। ਸ੍ਰੀ ਅਕਾਲ ਤਖ਼ਤ ਸਾਹਿਬ ਨਾਲ ਪੰਗਾ ਲੈਣਾ ਕੋਈ ਛੋਟੀ ਗੱਲ ਨਹੀਂ,ਬਲਕਿ ਅਜਿਹਾ ਕੋਈ ਹਾਕਮ ਉਦੋ ਹੀ ਕਰ ਸਕਦਾ ਹੈ ਜਦੋ ਸੱਤਾ ਦੇ ਨਸ਼ੇ ਨੇ ਉਹਦੀ ਮੱਤ ਨੂੰ ਅਸਲੋਂ ਹੀ ਮਾਰ ਦਿੱਤਾ ਹੋਵੇ।ਇਹ ਸਮਝਣਾ ਬੇਹੱਦ ਜਰੂਰੀ ਹੈ ਕਿ ਇਹ ਵਰਤਾਓ ਕਿਸੇ ਵਿਅਕਤੀ ਜਾਂ ਕਿਸੇ ਧੜੇ ਨਾਲ ਟਕਰਾਉਣਾ ਨਹੀਂ , ਬਲਕਿ ਇਹ ਉਸ ਰੂਹਾਨੀ ਤਖਤ ਨਾਲ ਟਕਰਾਉਣ ਵਾਲਾ ਵਰਤਾਰਾ ਬਣਦਾ ਜਾ ਰਿਹਾ ਹੈ ਜਿਸਦੇ ਸਾਹਮਣੇ ਕਦੇ ਸਾਡੇ ਸ਼ਕਤੀਸ਼ਾਲੀ ਮਹਾਰਾਜੇ ਵੀ ਸਿਰ ਨੀਵਾਂ ਕਰਕੇ ਸਜ਼ਾਵਾਂ ਭੁਗਤਣ ਲਈ ਨਿਮਾਣੇ ਹੋ ਕੇ ਖੜਦੇ ਰਹੇ ਹਨ।ਹਾਂ, ਇਹ ਵੀ ਸੱਚ ਹੈ ਕਿ ਅਕਾਲ ਤਖ਼ਤ ਸਾਹਿਬ ਦੀ ਮਰਯਾਦਾ ਅਤੇ ਉਸਦੇ ਪ੍ਰਬੰਧ ਨੂੰ ਲੈ ਕੇ ਬਹੁਤ ਵੱਡੇ ਸਵਾਲ ਖੜੇ ਹੋ ਰਹੇ ਹਨ।ਜਥੇਦਾਰਾਂ ਦੀ ਨਿਯੁਕਤੀ ਤੋਂ ਲੈ ਕੇ ਉਹਨਾਂ ਦੇ ਫੈਸਲਿਆਂ ਤੱਕ, ਹਰ ਪਾਸੇ ਵਿਵਾਦ ਹਨ।ਹਰ ਰੋਜ਼ ਕੋਈ ਨਵਾਂ ਵਿਵਾਦ ਖੜਾ ਕਰਕੇ ਆਪਣੀਆਂ ਸਿਆਸੀ ਵਫਾਦਾਰੀਆਂ ਸਾਬਤ ਕਰਨ ਦੀ ਕੋਸ਼ਿਸ਼ ਹੋ ਰਹੀ ਹੈ। ਇਹ ਵਰਤਾਰਾ ਨਾ ਪੰਥ ਦੇ ਹੱਕ ਵਿੱਚ ਹੈ ਤੇ ਨਾ ਪੰਜਾਬ ਦੇ,ਪਰ ਮਾਨ ਸਾਹਿਬ, ਜੇਕਰ ਪੰਥ ਦੋਫਾੜ ਹੈ ਤਾਂ ਇਸਦਾ ਮਤਲਬ ਇਹ ਹਰਗਿਜ ਨਹੀਂ ਕਿ ਤੁਸੀ ਸ੍ਰੀ ਅਕਾਲ ਤਖਤ ਸਾਹਿਬ ਨੂੰ ਨੀਵਾਂ ਦਿਖਾਉਣ ਦੇ ਰਾਹ ਤੁਰ ਪਓਂ।ਤੁਹਾਨੂੰ ਇਹ ਹਰ ਪਲ ਯਾਦ ਰੱਖਣਾ ਚਾਹੀਂਦਾ ਹੈ ਕਿ ਤੁਹਾਡੇ ਮੂੰਹੋਂ ਨਿਕਲਿਆ ਹਰ ਸ਼ਬਦ ਪੰਜਾਬ ਸਰਕਾਰ ਦਾ ਨੀਤੀਗਤ ਬਿਆਨ ਸਮਝਿਆ ਅਤੇ ਮੰਨਿਆਂ ਜਾਵੇਗਾ। ਇਸ ਕਰਕੇ ਤੁਹਾਡੇ ਬੋਲਾਂ ਵਿੱਚ ਉਹ ਗੰਭੀਰਤਾ ਹੋਣੀ ਚਾਹੀਦੀ ਹੈ ਜੋ ਇੱਕ ਸੂਬੇ ਦੇ ਮੁਖੀ ਨੂੰ ਸੋਭਦੀ ਹੋਵੇ। ਇਤਿਹਾਸ ਗਵਾਹ ਹੈ ਕਿ ਜਦੋਂ ਵੀ ਹਕੂਮਤਾਂ ਨੇ ਸਿੱਖ ਸੰਸਥਾਵਾਂ ਨੂੰ ਨੀਵਾਂ ਦਿਖਾਉਣ ਦੀ ਕੋਸ਼ਿਸ਼ ਕੀਤੀ, ਉਹਨਾਂ ਦਾ ਹਸ਼ਰ ਇਤਿਹਾਸ ਦੇ ਕਾਲੇ ਪੰਨੇ ਬਣ ਕੇ ਰਹਿ ਗਿਆ।ਪੰਜਾਬ ਦੀ ਫਿਜ਼ਾ ਅੰਦਰ ਜਹਿਰ ਘੋਲਣ ਵਾਲਿਆਂ ਨੂੰ ਪੰਜਾਬ ਕਦੇ ਨਹੀ ਭੁੱਲਿਆ। ਇਹ ਵੱਖਰੀ ਗੱਲ ਹੈ ਕਿ ਅੱਜ ਸਿੱਖਾਂ ਦੀਆਂ ਆਪਣੀਆਂ ਸੰਸਥਾਵਾਂ ਉਹਨਾਂ ਦੀ ਲਾਲਚੀ ਅਤੇ ਖ਼ੁਦਗਰਜ ਲੀਡਰਸ਼ਿਪ ਕਰਕੇ ਹੀ ਕਮਜ਼ੋਰ ਹੋ ਚੁੱਕੀਆਂ ਹਨ।ਸ਼੍ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਹੋਵੇ ਜਾਂ ਅਕਾਲ ਤਖ਼ਤ ਸਾਹਿਬ ਨਾਲ ਜੁੜੇ ਢਾਂਚੇ ਦੀ ਗੱਲ ਹੋਵੇ ਕਿੱਧਰੇ ਵੀ ਖਾਲਸਾਹੀ ਜਲੌਅ ਪਰਗਟ ਨਹੀ ਹੁੰਦਾ ,ਕਾਰਨ ਸਾਫ ਹੈ ਜਿਸ ਦਾ ਵਾਰ ਵਾਰ ਜਿਕਰ ਕਰਨਾ ਵੀ ਮੈ ਆਪਣੀਆਂ ਸਿਰਮੌਰ ਸੰਸਥਾਵਾਂ ਦਾ ਅਪਮਾਨ ਸਮਝਦਾ ਹਾਂ। ਇਹ ਚਿੱਟੇ ਦਿਨ ਵਰਗਾ ਸੱਚ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖ ਕੌਮ ਦੀ ਉਹ ਸਰਬ ਉੱਚ ਰੂਹਾਨੀ ਸੰਸਥਾ ਹੈ,ਜਿਸ ਨੂੰ ਸਿੱਖ ਕਦੇ ਵੀ ਅਪਮਾਨਿਤ ਹੁੰਦਾ ਨਹੀ ਸਹਾਰ ਸਕਦੇ ਅਤੇ ਉਸਦੀ ਮਰਯਾਦਾ ਨੂੰ ਚੁਣੌਤੀ ਦੇਣ ਵਾਲਾ ਗੁਰੂ ਦਾ ਦੋਖੀ ਅਤੇ ਸਿੱਖਾਂ ਲਈ ਲਖਪਤ।ਸਿਆਸੀ ਵਿਰੋਧ ਆਪਣੀ ਥਾਂ ਹੈ, ਬਾਦਲ ਪਰਿਵਾਰ ਦੀਆਂ ਗਲਤੀਆਂ ਉੱਤੇ ਲੋਕਾਂ ਨੂੰ ਇਤਰਾਜ਼ ਹੋ ਸਕਦਾ ਹੈ, ਪਰ ਪੰਥ ਦੀਆਂ ਭਾਵਨਾਵਾਂ ਦਾ ਰਾਜਨੀਤਕ ਲਾਹਾ ਲੈਣ ਵਾਲਾ ਵੀ ਬਾਦਲਾਂ ਤੋ ਘੱਟ ਗੁਨਾਹਗਾਰ ਨਹੀ ਹੋ ਸਕਦਾ ।ਮਾਨ ਸਾਹਿਬ, ਤੁਸੀਂ ਇੱਕ ਕਲਾਕਾਰ ਰਹੇ ਹੋ। ਲੋਕਾਂ ਦੇ ਦਿਲਾਂ ਦੀ ਨਬਜ਼ ਪਛਾਣਦੇ ਹੋ। ਤੁਹਾਨੂੰ ਇਹ ਗੱਲ ਸਮਝਣੀ ਚਾਹੀਦੀ ਹੈ ਕਿ ਸਿੱਖ ਮਨੋਵਿਗਿਆਨ ਬਹੁਤ ਨਾਜ਼ੁਕ ਹੈ। ਸਿੱਖ ਆਂਪਣੇ ਗੁਰੂ ਅਤੇ ਗੁਰਬਾਣੀ ਨਾਲ ਭਾਵਨਾਤਮਕ ਤੌਰ ‘ਤੇ ਜੁੜਿਆ ਹੋਇਆ ਹੈ। ਜਦੋਂ ਕੋਈ ਸਿਆਸੀ ਆਗੂ ਉਹਨਾਂ ਸੰਸਥਾਵਾਂ ਉੱਤੇ ਹਮਲਾਵਰ ਹੋਇਆ ਦਿਖਾਈ ਦਿੰਦਾ ਹੈ ਤਾਂ ਲੋਕਾਂ ਦੇ ਅੰਦਰ ਪੁਰਾਣੇ ਜਖ਼ਮ ਹਰੇ ਹੋਣ ਲੱਗਦੇ ਹਨ। ਮਾਨ ਸਾਹਿਬ,ਪੰਜਾਬ ਪਹਿਲਾਂ ਹੀ ਬੜੇ ਗੰਭੀਰ ਸੰਕਟਾਂ ਵਿਚੋਂ ਲੰਘ ਰਿਹਾ ਹੈ।ਦਿੱਲੀ ਪੰਜਾਬ ਨੂੰ ਬਰਬਾਦ ਹੋਇਆ ਦੇਖਣ ਲਈ ਤਰਲੋਮੈਛੀ ਹੋ ਰਹੀ ਹੈ।ਪੰਜਾਬ ਵਿੱਚੋਂ ਨਸ਼ਿਆਂ ਦਾ ਖਾਤਮਾ ਹੋਵੇ ਇਹ ਦਿੱਲੀ ਨੂੰ ਮਨਜੂ ਨਹੀ,ਗੈਂਗਸਟਰਵਾਦ ਦੇ ਨਾਮ ‘ਤੇ ਪੰਜਾਬ ਦੀ ਗੈਰਤੀ ਜੁਆਨੀ ਨੂੰ ਚੁਣ ਚੁਣ ਕੇ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਬੇਰੋਜ਼ਗਾਰੀ ਕਾਰਨ ਘਰਾਂ ਦੇ ਚੁੱਲ੍ਹੇ ਠੰਡੇ ਪੈ ਰਹੇ ਹਨ।ਕਿਸਾਨ ਕਰਜ਼ਿਆਂ ਹੇਠ ਦਬੇ ਖੁਦਕੁਸ਼ੀਆਂ ਦੇ ਰਾਹ ਪਏ ਹੋਏ ਹਨ।ਪੰਜਾਬ ਦਾ ਖਜ਼ਾਨਾ ਰਿਹਾ ਹੀ ਕੋਈ ਨਹੀ,ਕਰਜ਼ਿਆਂ ਦੇ ਬੋਝ ਦੀ ਫਿਕਰਮੰਦੀ ਨੇ ਪੰਜਾਬ ਦੀ ਸੂਝ ਨੂੰ ਅਸਲੋਂ ਸੋਚਹੀਣ ਬਣਾ ਦਿੱਤਾ ਹੈ।ਪੰਜਾਬੀ ਦੇ ਸਭ ਤੋ ਵੱਧ ਪੜੇ ਜਾਣ ਵਾਲੇ ਲੇਖਕ ਬਾਬਾ ਜਸਵੰਤ ਸਿੰਘ ਕੰਵਲ ਕਹਿੰਦੇ ਹਨ ਕਿ “ ਅੱਜ ਪੰਜਾਬ ਦੇ ਉੱਜੜੇ ਵਿਹੜੇ ਮੌਤ ਦੀਆਂ ਉਦਾਸੀਆਂ ਘੁੰਮਰਾਂ ਪਾ ਰਹੀਆਂ ਹਨ। ਤੇ ਪੰਜਾਬ ਦੇ ਫੰਨੇ ਖਾਂ ਇਨਕਲਾਬੀ ਨਵੇਂ ਨਵੇਂ ਇਨਕਲਾਬੀ ਨਾਅਰਿਆਂ ਨਾਲ ਲੋਕਾਂ ਦੇ ਅੱਖੀ ਘੱਟਾ ਪਾ ਰਹੇ ਹਨ।ਵੋਟਾਂ ਲੈਣ ਦੇ ਲਾਰੇ ਅਤੇ ਦਮਗਜੇ ਕੋਹਾਂ ਲੰਮੇ। ਪਰਤਾਏ ਤਾਂ ਕੌਡੀਓਂ ਖੋਟੇ।” ਉਹਨਾਂ ਦੀਆਂ ਕਹੀਆਂ ਖਰੀਆਂ ਤੇ ਕੌੜੀਆਂ ਗੱਲਾਂ ਅੱਜ ਦੇ ਸੰਦਰਭ ਵਿੱਚ ਵੀ ਹੂ ਬ ਹੂ ਸੱਚ ਜਾਪਦੀਆਂ ਹਨ॥ ਇਹ ਸੱਚ ਹੋ ਸਕਦਾ ਹੈ ਕਿ ਤੁਹਾਡੇ ਸੋਧੇ ਹੋਏ ਇਸ ਕਾਨੂੰਨ ਬਾਰੇ ਜਿੰਨਾ ਡਰ ਅਤੇ ਭਰਮ ਫੈਲਾਇਆ ਜਾ ਰਿਹਾ ਹੈ, ਹਕੀਕਤ ਉਸਤੋਂ ਕੁਝ ਵੱਖਰੀ ਹੋਵੇ,ਪਰ ਇਹ ਵੀ ਸੱਚ ਹੈ ਮਾਨ ਸਾਹਿਬ,ਕਿ ਕਨੂੰਨ ਕਦੇ ਵੀ ਸਿੱਖਾਂ ਨੂੰ ਇਨਸਾਫ ਦੇਣ ਲਈ ਨਹੀ ਬਣੇ।ਇਹ ਵੀ ਸਚਾਈ ਹੈ ਕਿ ਕੋਈ ਵੀ ਕਾਨੂੰਨ ਪਹਿਲੇ ਦਿਨ ਹੀ ਸੰਪੂਰਨ ਵੀ ਨਹੀਂ ਹੁੰਦਾ। ਜੇਕਰ ਅਜਿਹਾ ਹੁੰਦਾ ਤਾਂ ਭਾਰਤ ਦੇ ਸੰਵਿਧਾਂਨ ਵਿੱਚ ਸੈਕੜੇ ਤੋ ਵੱਧ ਵਾਰ ਸੋਧਾਂ ਦੀ ਕੀ ਲੋੜ? ਹਾਲ ਹੀ ਵਿੱਚ ਹੋਈਆਂ ਨਵੀਆਂ ਸੰਵਿਧਾਨਕ ਸੋਧਾਂ ਇਸ ਗੱਲ ਦੀ ਨਿਗਰ ਗਵਾਹੀ ਭਰਦੀਆਂ ਹਨ ਕਿ ਸਮੇਂ ਦੇ ਹਾਕਮ ਆਪਣੀ ਲੋੜ ਅਨੁਸਾਰ ਕਾਨੂੰਨਾਂ ਵਿੱਚ ਤਬਦੀਲੀਆਂ ਕਰਦੇ ਰਹਿੰਦੇ ਹਨ।ਜੇ ਕਰ ਇਸ ਕਾਨੂੰਨ ਵਿੱਚ ਕਮੀਆਂ ਹਨ ਤਾਂ ਉਹਨਾਂ ‘ਤੇ ਵਿਚਾਰ ਕੀਤਾ ਜਾਣਾ ਕੋਈ ਗੁਨਾਹ ਨਹੀ ਹੈ। ਧਾਰਮਿਕ ਸੰਸਥਾਵਾਂ, ਕਾਨੂੰਨੀ ਮਾਹਿਰਾਂ ਅਤੇ ਸੂਬਾ ਸਰਕਾਰ ਨੂੰ ਮਿਲ ਬੈਠ ਕੇ ਹੱਲ ਲੱਭਣਾ ਚਾਹੀਦਾ ਹੈ। ਹਰ ਮਸਲੇ ਦਾ ਹੱਲ ਟਕਰਾਅ ਨਹੀਂ ਹੁੰਦਾ। ਜਦੋਂ ਸੱਤਾ ਅਤੇ ਧਰਮ ਆਹਮਣੇ ਸਾਹਮਣੇ ਹੋ ਜਾਂਣ ਤਾਂ ਸਮਝੋ ਦੁਸ਼ਮਣ ਤਾਕਤਾਂ ਤੁਹਾਨੂੰ ਵਰਤਣ ਵਿੱਚ ਸਫਲ ਹੋ ਰਹੀਆਂ ਹਨ। ਭਗਵੰਤ ਸਿੰਆਂ ਸੱਚ ਪੁੱਛੋ ਤਾਂ ਸਿੱਖ ਕੌਮ ਦਾ ਸਭ ਤੋਂ ਵੱਡਾ ਦੁੱਖਾਂਤ ਹੀ ਇਹ ਹੈ ਕਿ ਉਸਦੇ ਆਪਣੇ ਹੀ ਇਹ ਜਾਣਦੇ ਹੋਏ ਕਿ ਦਿੱਲੀ ਨੇ ਕਦੇ ਵੀ ਪੰਜਾਬ ਨੂੰ ਆਪਣਾ ਨਹੀ ਸਮਝਿਆ,ਇਸ ਦੇ ਬਾਵਜੂਦ ਵੀ ਪੰਜਾਬ ਨੂੰ ਛਾਂਗਣ ਵਾਲੀ ਦੁਸ਼ਮਣ ਕੁਹਾੜੀ ਦਾ ਦਸਤਾ ਬਣਦੇ ਆ ਰਹੇ ਹਨ।ਇਹ ਵਰਤਾਰਾ ਸਿੱਖ ਪੰਥ ਅਤੇ ਸਮਾਜ ਲਈ ਸਭ ਤੋਂ ਵੱਡਾ ਖਤਰਾ ਰਿਹਾ ਹੈ।ਇਸ ਲਈ ਮੇਰੀ ਤੁਹਾਨੂੰ ਨਿਮਰ ਬੇਨਤੀ ਹੈ ਕਿ ਸੰਤ ਸਮਾਜ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਮੇਤ ਪੰਥਕ ਧਿਰਾਂ ਅਤੇ ਸਿੱਖ ਬੁੱਧੀਜੀਵੀਆਂ ਨਾਲ ਮਿਲ ਬੈਠਕੇ ਕਨੂੰਨ ਦੀਆਂ ਸਿੱਖਾਂ ਦੇ ਗ.ਲ ਪੈਂਦੀਆਂ ਮਦਾਂ ਨੂੰ ਮੁੜ ਵਿਚਾਰ ਲੈਣਾ ਚਾਹੀਦਾ ਹੈ,ਇਹਦੇ ਨਾਲ ਗੁਰੂ ਸਾਹਬ ਦੀਆਂ ਨਜਰਾਂ ਵਿੱਚ ਵੀ ਅਤੇ ਖਾਲਸਾ ਪੰਥ ਦੀਆਂ ਨਜਰਾਂ ਵਿੱਚ ਵੀ ਭਗਵੰਤ ਸਿੰਘ ਮਾਨ ਦਾ ਮਾਣ ਵਧੇਗਾ। ਤੁਹਾਨੂੰ ਇੱਕ ਮੁੱਖ ਮੰਤਰੀ ਵਜੋਂ, ਇਹ ਸਮਝਣਾ ਅਤੇ ਯਾਦ ਰੱਖਣਾ ਬੇਹੱਦ ਜਰੂਰੀ ਹੋਵੇਗਾ ਕਿ ਤੁਸੀ ਇੱਕ ਰਾਜਨੀਤਕ ਨੇਤਾ ਅਤੇ ਸੂਬੇ ਦੇ ਮੁਖੀ ਹੋਣ ਤੋ ਪਹਿਲਾਂ ਸਿੱਖ ਵੀ ਹੋ।ਫਿਰ ਸਿੱਖ ਦੇ ਆਪਣੇ ਗੁਰੂ ਅਤੇ ਕੌਮ ਪ੍ਰਤੀ ਕੀ ਫਰਜ ਹੋਣੇ ਚਾਹੀਦੇ ਹਨ,ਇਹ ਵੀ ਹਰ ਪਲ ਤੁਹਾਡੇ ਚੇਤਿਆਂ ਵਿੱਚ ਵਸਿਆ ਹੋਣਾ ਚਾਹੀਦਾ ਹੈ।ਪਰ ਇਹ ਵੀ ਪੰਜਾਬ ਦੀ ਸਿਆਸਤ ਦਾ ਖਾਸ ਕਰਕੇ ਦੁਖਾਂਤ ਹੈ ਕਿ ਨੈਸ਼ਨਲ ਪਾਰਟੀਆਂ ਪਹਿਲਾਂ ਸਿੱਖ ਹੋਣ ਦੀ ਬਜਾਏ ਪਾਰਟੀਆਂ ਦੀ ਵਫ਼ਾਦਾਰੀ ਦਾ ਪ੍ਰਣ ਲੈਂਦੀਆਂ ਹਨ। ਭਗਵੰਤ ਸਿਆਂ ! ਤੁਹਾਡੇ ਕੋਲ ਅਜੇ ਵੀ ਚੰਗਾ ਮੌਕਾ ਹੈ ਕਿ ਤੁਸੀਂ ਆਪਣੇ ਅੰਦਰਲੀ ਹਾਉਮੈਂ ਦਾ ਤਿਆਗ ਕਰਨ ਲਈ ਸੰਜੀਦਾ ਹੋਵੋਂ,ਅੰਦਰਲੀ ਸਿੱਖ ਆਤਮਾ ਦੀ ਅਵਾਜ ਸੁਨਣ ਦੀ ਕੋਸ਼ਿਸ਼ ਕਰੋ,ਧਾਰਮਿਕ ਸੰਸਥਾਵਾਂ ਨਾਲ ਟਕਰਾਅ ਦੀ ਬਜਾਏ ਗੱਲਬਾਤ ਦਾ ਰਸਤਾ ਚੁਣੋ, ਨਾਲੇ ਟਾਕਰਾ ਤਾਂ ਦੁਸ਼ਮਣਾਂ ਨਾਲ ਕਰੀਦਾ ਹੈ,ਭਗਵੰਤ ਸਿਆਂ,ਆਪਣਿਆਂ ਨਾਲ ਤਾਂ ਸਿੱਖ ਨੂੰ ਸਿਰ ਜੋੜ ਕੈ ਬੈਠਣ ਦੀ ਤਾਕੀਦ ਹੈ। ਸੋ ਮੇਰਾ ਤੁਹਾਨੂੰ ਵਾਰ ਵਾਰ ਖੁੱਲੇ ਖਤ ਦੇ ਰੂਪ ਚ ਅਜਿਹੀਆਂ ਲਿਖਤਾਂ ਲਿਖਣ ਪਿੱਛੇ ਕੋਈ ਮੰਦ ਭਾਵਨਾ ਨਹੀ ਹੈ,ਸਗੋ ਜੋ ਇੱਕ ਲੇਖਕ ਦੇ ਫਰਜ ਆਪਣੇ ਧਰਮ,ਸਮਾਜ ਪ੍ਰਤੀ ਹੋਣੇ ਚਾਹੀਦੇ ਹਨ,ਮੈ ਉਹਨਾਂ ਨੂੰ ਹੀ ਪੂਰਾ ਕਰਨ ਦੀ ਕੋਸ਼ਿਸ਼ ਕਰਦਾ ਹਾਂ। ਮਾਨ ਸਾਹਿਬ ! ਮੈਂ ਮਰਹੂਮ ਬਾਬੇ ਜਸਵੰਤ ਸਿੰਘ ਕੰਵਲ ਨੂੰ ਪੜਕੇ ਵੱਡਾ ਹੋਇਆ ਹਾਂ,ਉਹਨਾਂ ਨੂੰ ਆਪਣਾ ਅਦਰਸ਼ ਮੰਨਦਾ ਹਾਂ।ਉਹਨਾਂ ਦਾ ਪੰਜਾਬ ਪ੍ਰਤੀ ਸੱਚਾ ਦਰਦ ਮੈਨੂੰ ਝੰਜੋੜ੍ਹਦਾ ਰਹਿੰਦਾ ਹੈ,ਉਹਨਾਂ ਵੱਲੋਂ ਇਕੋ ਮਿਲਣੀ ਵਿੱਚ ਪੰਜਾਬ ਨਾਲ ਡਟ ਕੇ ਖੜ੍ਹਨ ਦੀ ਦਿਤੀ ਨਸੀਹਤ ਮੇਰੇ ਹਿਰਦੇ ਵਿੱਚ ਉਤਰੀ ਹੋਈ ਹੈ, ਸੋ ਉਹਨਾਂ ਨੇ ਜਿਹੜੇ ਸਬਦ ਸਮੇ ਦੇ ਮੁੱਖ ਮੰਤਰੀ ਨੂੰ ਖੁੱਲੇ ਖਤ ਦੇ ਆਖਿਰ ਵਿੱਚ ਕਹੇ ਮੈ ਉਹਨਾਂ ਜਟਕੇ ਸਬਦਾਂ ਨਾਲ ਤੁਹਾਡੇ ਤੋ ਤੱਤੇ ਠੰਡੇ ਸਬਦਾਂ ਦੇ ਵਰਤੇ ਜਾਣ ਦੀ ਖਿਮਾ ਮੰਗਦਾ,ਇਹ ਆਸ ਵੀ ਕਰਦਾ ਹਾਂ ਕਿ ਤੁਸੀ ਰੂਹਾਨੀ ਤਖਤ ਨਾਲ ਟਕਰਾਉਣ ਵਾਲੀ ਮੰਦ ਭਾਵਨਾ ਦਾ ਤਿਆਗ ਕਰਕੇ ਗੁਰੂ ਪੰਥ ਦੀਆਂ ਖੁਸ਼ੀਆਂ ਦੇ ਭਾਗੀ ਜਰੂਰ ਬਣੋਗੇ।

ਤੁਹਾਡੇ ਤੋ ਪੰਥ ਅਤੇ ਗਰੰਥ ਦੇ ਸਤਿਕਾਰ ਦਾ ਆਸਮੰਦ




ਰੋਜ਼ਮਾਰਰਾ ਦੀ ਜ਼ਰੂਰਤ ਦਾ ਹਰ ਸਾਮਾਨ ਮਿਲੇਗਾ ਇਕ ਹੀ ਜਗਾਹ ਤੇ
Indian & Fijian
Grocery Store
HOURS
10a.m - 8p.m
(209) 486-8233
ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ,ਪਾਕਿਸਤਾਨੀ ਤੇ ਫਿਜੀਆਨਾ ਗਰੋਸਰੀ
ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਹਰ ਤਰ੍ਹਾਂ ਦੇ ਸਜਾਵਟ ਦਾ ਸਮਾਨ |
Ria
Money Transfer
INDIA ਪੈਸੇ ਭੇਜਣ ਲਈ RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ
Address : 2015 Yosemite Blvd. Modesto CA
Website : www.indianfijianstore.wixsite.com/my-site-1
@indianfijiangrocery
ਸਾਡੇ ਦੂਜੇ ਸਟੋਰ ਦਾ ਪਤਾ
NAV INDIAN MERCHANDISE GROCERY STORE
3230 MITCHELL ROAD, STE, C, CERES, CA 95307


Truck Parking Yard
ਟਰੱਕ PARK ਕਰਨ ਲਈ ਇੱਕ ਸੁਰੱਖਿਅਤ ਅਤੇ ਵਿਸ਼ਵਾਸਯੋਗ ਥਾਂ
• ਸਾਡੇ YARD ਨੂੰ LOCK ਵਾਲਾ GATE ਲੱਗਿਆ ਹੋਇਆ ਹੈ
• ਇੱਥੇ 24 ਘੰਟੇ ਸੁਰੱਖਿਆ GUARD ਦੀ ਡਿਊਟੀ ਰਹਿੰਦੀ ਹੈ
• ਸਾਰੇ ਇਲਾਕੇ ਦੀ ਨਿਗਰਾਨੀ ਕੈਮਰਿਆਂ ਰਾਹੀਂ ਹਰ ਵੇਲੇ ਕੀਤੀ ਜਾਂਦੀ ਹੈ
Truck Parking - Only $200 Monthly
Bobtail Parking - Only $100 Monthly
ਸਾਡੇ TRUCK YARD ਦੇ ਅੰਦਰ ਹੀ
ਟਰੱਕ Repair Shop ਅਤੇ TYRE SHOP ਵੀ
ਉਪਲਬਧ ਹੈ।
ਹੋਰ ਜਾਣਕਾਰੀ ਜਾਂ ਬੁਕਿੰਗ ਲਈ ਸੰਪਰਕ ਕਰੋ
Harbans Gill (209) 972-0013
1651 EAST Whitmore Ave, Ceres, CA 95307


ਸੁਆਦ ਜੋ ਦਿਲ ਜਿੱਤ ਲਵੇ !
'Sidhu Catering'
ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਧਾਰਮਿਕ ਸਮਾਗਮ
ਅਨੰਦ ਕਾਰਜ ਜਾਂ ਹੋਵੇ ਕੋਈ ਹੋਰ ਖੁਸ਼ੀ ਦਾ ਮੌਕਾ
1000 ਤੋਂ ਵੱਧ ਬੰਦਿਆਂ ਤੱਕ ਦੀ ਪੂਰੀ Catering ਉਪਲਬਧ
ਸ਼ੁੱਧ ਅਤੇ ਸੁਆਦੀ ਖਾਣਾ
ਟਿਫ਼ਨ ਸਰਵਿਸ ਉਪਲਬਧ ਹੈ
ਹਰ ਕਿਸਮ ਦੀ ਕਰਵਾਓ ਮਠਿਆਈ ਅਤੇ ਸੀਰਨੀ ਤਿਆਰ
ਅਸੀਂ ਕਰਾਂਗੇ ' ਹਰ ਕਿਸੇ ਦੇ ਰੇਟ ਨੂੰ ਬੀਟ '
California ਵਿੱਚ ਕਿਤੇ ਵੀ ਪਾਓ Catering ਦੀ ਸੇਵਾ
'Sidhu Catering' - ਤੁਹਾਡੇ ਪ੍ਰੋਗਰਾਮ ਨੂੰ ਬਣਾਵੇ ਯਾਦਗਾਰ !
ਅੱਜ ਹੀ ਕਾਲ ਕਰੋ ਤੇ ਆਪਣੀ Booking ਬੁਕਿੰਗ ਕਰਵਾਓ
ਸੰਪਰਕ ਨੰਬਰ ਨੋਟ ਕਰ ਲਓ : (559) 283-1311 | (510) 230-6107

# ਪਲਾਟ

ਸਰਕਾਰੀ ਨੌਕਰੀ ਤੋਂ ਸੇਵਾ ਮੁਕਤ ਹੋਣ ਪਿੱਛੋਂ ਮਾਸਟਰ ਹਰੀ ਰਾਮ ਨੇ ਮਾਹਿਲਪੁਰ ਇੱਕ ਪੰਦਰਾਂ ਮਰਲੇ ਦਾ ਪਲਾਟ ਖਰੀਦ ਲਿਆ ਤੇ ਉਸ ਵਿੱਚ ਘਰ ਬਣਵਾਉਣਾ ਸ਼ੁਰੂ ਕਰ ਦਿੱਤਾ। ਇੱਕ ਦਿਨ ਉਸ ਕੋਲ ਦੋ ਜਣੇ ਆ ਕੇ ਖੜ੍ਹ ਗਏ, ਜਿਨ੍ਹਾਂ ਚੋਂ ਇੱਕ ਲੜਕੀ ਸੀ। ਲੜਕੀ ਉਸ ਨੂੰ ਆਖਣ ਲੱਗੀ,"ਅੰਕਲ ਜੀ, ਕੀ ਤੁਸੀਂ ਰਵਨਜੀਤ ਦੇ ਫਾਦਰ ਇਨ ਲਾਅ ਹੋ?"

ਮਾਸਟਰ ਹਰੀ ਰਾਮ ਨੇ "ਹਾਂ" ਵਿੱਚ ਉੱਤਰ ਦਿੱਤਾ।

ਫੇਰ ਉਹ ਆਖਣ ਲੱਗੀ,"ਮੈਂ ਰਵਨਜੀਤ ਦੀ ਸਹੇਲੀ ਆਂ। ਕੁੱਝ ਦਿਨ ਪਹਿਲਾਂ ਉਹ ਮੈਨੂੰ ਹੁਸ਼ਿਆਰਪੁਰ ਬੱਸ ਸਟੈਂਡ ਤੇ ਮਿਲੀ ਸੀ। ਉਸ ਨੇ ਮੈਨੂੰ ਦੱਸਿਆ ਸੀ ਕਿ ਤੁਸੀਂ ਮਾਹਿਲਪੁਰ ਪਲਾਟ ਲੈ ਕੇ ਨਵਾਂ ਘਰ ਬਣਵਾ ਰਹੇ ਹੋ ਤੇ ਤੁਹਾਡੇ ਪਲਾਟ ਦੇ ਸਾਮ੍ਹਣੇ ਕਈ ਪਲਾਟ ਵਿਕਾਊ ਪਏ ਆ। ਅਸੀਂ ਵੀ ਇੱਕ ਦਸ ਕੁ ਮਰਲੇ ਦਾ ਪਲਾਟ ਲੈਣਾ ਚਾਹੰਨੇ ਆਂ। ਪਿੰਡ ਵਾਲਾ ਘਰ ਰਹਿਣ ਲਈ ਬੜਾ ਛੋਟਾ ਆ। ਨਾਲੇ ਸ਼ਹਿਰ ਦਾ ਮਹੌਲ ਕੁੱਝ ਵੱਖਰਾ ਹੁੰਦਾ ਆ। ਪਲਾਟ ਤਾਂ ਹੋਰ ਵੀ ਆਲੇ, ਦੁਆਲੇ ਬਥੇਰੇ ਖਾਲੀ ਪਏ ਆ, ਪਰ ਮੈਂ ਚਾਹੰਨੀ ਆਂ ਕਿ ਕੋਈ ਜਾਣ, ਪਛਾਣ ਵਾਲਾ ਕੋਲ ਰਹਿੰਦਾ ਹੋਵੇ, ਤਾਂ ਚੰਗੀ ਗੱਲ ਆ।"

"ਠੀਕ ਆ ਬੇਟੀ, ਆਉ ਫੇਰ ਪਲਾਟ ਵੇਖ ਲਈਏ।"ਮਾਸਟਰ ਹਰੀ ਰਾਮ ਨੇ ਆਖਿਆ।

ਇੱਕ ਘੰਟਾ ਫਿਰ, ਤੁਰ ਕੇ ਪਲਾਟ ਵੇਖਣ ਪਿੱਛੋਂ ਉਨ੍ਹਾਂ ਨੂੰ ਇੱਕ ਦਸ ਮਰਲੇ ਦਾ ਪਲਾਟ ਪਸੰਦ ਆ ਗਿਆ, ਜਿਹੜਾ ਕਿ ਉਸ ਦੇ ਬਣ ਰਹੇ ਘਰ ਦੇ ਬਿਲਕੁਲ ਸਾਮ੍ਹਣੇ ਸੀ।

ਫੇਰ ਲੜਕੀ ਦੇ ਡੈਡੀ ਨੇ ਉਸ ਨੂੰ ਆਖਿਆ,"ਤੁਹਾਡੇ ਨਾਲ ਲੱਗਦੇ ਦੋ ਘਰ ਕਿਨ੍ਹਾਂ ਦੇ ਆ?"

"ਇਹ ਦੋਵੇਂ ਘਰ ਕੰਮੀਆਂ ਦੇ ਆ।" ਮਾਸਟਰ ਹਰੀ ਰਾਮ ਨੇ ਸੱਚ ਆਖ ਦਿੱਤਾ।

ਉਸ ਦੇ ਏਨਾ ਕਹਿਣ ਦੀ ਦੇਰ ਸੀ ਕਿ ਉਹ ਬਗੈਰ ਕੁੱਝ ਬੋਲੇ ਆਪਣੀ ਧੀ ਨੂੰ ਲੈ ਕੇ ਤੁਰਦਾ ਬਣਿਆ।



ਮਹਿੰਦਰ ਸਿੰਘ ਮਾਨ
ਸਲੋਹ ਰੋਡ, ਨਵਾਂ ਸ਼ਹਿਰ
99158-03554

# ਪ੍ਰੋ. ਨਵ ਸੰਗੀਤ ਸਿੰਘ ਦੀ 18ਵੀਂ ਕਿਤਾਬ "ਜ਼ਿੰਦਗੀ ਦਾਅ ਤੇ" ਜਾਰੀ

ਪੰਜਾਬੀ ਦੇ ਜਾਣੇ-ਪਛਾਣੇ ਅਨੁਵਾਦਕ, ਲੇਖਕ ਅਤੇ ਰੀਵਿਊਕਾਰ ਪ੍ਰੋ. ਨਵ ਸੰਗੀਤ ਸਿੰਘ ਵੱਲੋਂ ਹਿੰਦੀ ਤੋਂ ਅਨੁਵਾਦਿਤ ਇੱਕ ਨਾਵਲ 'ਜ਼ਿੰਦਗੀ ਦਾਅ 'ਤੇ' ਅੱਜ ਇੱਥੇ ਜਾਰੀ ਕੀਤਾ ਗਿਆ। ਪ੍ਰੈੱਸ ਨੂੰ ਜਾਰੀ ਇੱਕ ਬਿਆਨ ਵਿੱਚ ਉਨ੍ਹਾਂ ਨੇ ਦੱਸਿਆ ਕਿ ਇਹ ਉਨ੍ਹਾਂ ਦੀ 18ਵੀਂ ਕਿਤਾਬ ਹੈ, ਜੋ ਉਨ੍ਹਾਂ ਨੇ ਹਿੰਦੀ ਤੋਂ ਅਨੁਵਾਦ ਕੀਤੀ ਹੈ, ਜੋ ਕਿ ਅਸਲ ਵਿੱਚ ਆਸਟ੍ਰੀਅਨ ਲੇਖਕ ਸਟੈਫ਼ਨ ਜ਼ਵੇਗ ਦੀ ਲਿਖੀ ਹੋਈ ਹੈ। ਮੂਲ ਅੰਗਰੇਜ਼ੀ ਵਿੱਚ ਇਸ ਪੁਸਤਕ ਦਾ ਨਾਂ ਹੈ -"ਟਵੰਟੀ-ਫ਼ੋਰ ਆਵਰਜ਼ ਇਨ ਏ ਵੁਮੈਨ'ਜ਼ ਲਾਈਫ਼"। ਪ੍ਰੋ. ਸਿੰਘ ਨੇ ਦੱਸਿਆ ਕਿ ਸਟੈਫ਼ਨ ਜ਼ਵੇਗ (1881-1942) ਦਾ 1920-1930 ਤੱਕ ਦਾ ਸਮਾਂ ਉਹਦੇ ਸਾਹਿਤਕ ਜੀਵਨ ਦੇ ਸਿਖ਼ਰ ਦਾ ਦਹਾਕਾ ਸੀ। ਇਸ ਨਾਵਲ ਵਿੱਚ ਇਹ ਦੱਸਿਆ ਗਿਆ ਹੈ ਕਿ ਆਦਮੀ ਦੇ ਜੀਵਨ ਦੀ ਧਾਰਾ ਸਿੱਧ-ਪੱਧਰੀ ਧਰਤੀ ਤੇ ਵਹਿੰਦੀ-ਵਹਿੰਦੀ ਕਦੇ-ਕਦੇ ਅਜਿਹਾ ਮੋੜ ਲੈ ਲੈਂਦੀ ਹੈ ਕਿ ਉਹਦਾ ਸਮੁੱਚਾ ਅਸਤਿੱਤਵ ਹੀ ਬਦਲ ਜਾਂਦਾ ਹੈ ਅਤੇ ਉਹ ਪਲ ਉਹਦੀ ਸਮੁੱਚੀ ਜ਼ਿੰਦਗੀ ਤੇ ਹਮੇਸ਼ਾ ਲਈ ਛਾ ਜਾਂਦੇ ਹਨ। ਪੂਰੇ ਦਾ ਪੂਰਾ ਨਾਵਲ ਇੰਨਾ ਰੌਚਕ ਅਤੇ ਦਿਲ-ਟੁੰਬਵਾਂ ਹੈ ਕਿ ਨਾਵਲ ਖ਼ਤਮ ਹੋ ਜਾਣ ਤੇ ਵੀ ਪਾਠਕ ਦਾ ਮਨ ਕਾਫੀ ਚਿਰ ਤੱਕ ਉਸ ਵਿੱਚ ਖੁੱਭਿਆ ਰਹਿੰਦਾ ਹੈ। ਇਸ ਕਿਤਾਬ ਦੇ ਛੋਟੇ -ਛੋਟੇ ਕੁੱਲ 12 ਕਾਂਡ ਹਨ। ਸਿਰਫ਼ 86 ਪੰਨਿਆਂ ਦੇ ਇਸ ਨਾਵਲ ਨੂੰ ਸਾਹਿਤਯਸ਼ਿਲਾ ਪ੍ਰਕਾਸ਼ਨ, ਦਿੱਲੀ ਨੇ ਬੜੇ ਸੋਹਣੇ ਢੰਗ ਨਾਲ ਛਾਪਿਆ ਹੈ। ਜ਼ਿਕਰਯੋਗ ਹੈ ਕਿ ਪ੍ਰੋ ਸਿੰਘ, ਜੋ ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕੈਂਪਸ ਤਲਵੰਡੀ ਸਾਬੋ ਤੋਂ ਸੇਵਾਮੁਕਤ ਪ੍ਰੋਫੈਸਰ ਹਨ, ਨੇ ਇਸ ਤੋਂ ਪਹਿਲਾਂ 15 ਕਿਤਾਬਾਂ ਦੇ ਅਨੁਵਾਦ ਕੀਤੇ ਹਨ, ਇੱਕ ਕਿਤਾਬ ਦਾ ਲਿਪੀਅਾਂਤਰ ਕੀਤਾ ਹੈ ਤੇ ਇੱਕ ਆਲੋਚਨਾ ਦੀ ਕਿਤਾਬ ਲਿਖੀ ਹੈ। ਪ੍ਰੋ. ਸਿੰਘ ਨੂੰ ਉਨ੍ਹਾਂ ਦੀ ਇਸ ਨਵ-ਪ੍ਰਕਾਸ਼ਿਤ ਪੁਸਤਕ ਲਈ ਦੂਰੋਂ ਨੇੜਿਓਂ ਉਨ੍ਹਾਂ ਦੇ ਸ਼ੁਭਚਿੰਤਕਾਂ, ਵਿਦਿਆਰਥੀਆਂ ਦੇ ਵਧਾਈ ਸੰਦੇਸ਼ ਮਿਲ ਰਹੇ ਹਨ, ਜਿਨ੍ਹਾਂ ਵਿਚ ਮਨਪ੍ਰੀਤ ਕੌਰ, ਸ਼੍ਰੀਮਤੀ ਸੁਖਵਿੰਦਰ ਕੌਰ (ਚਨੋ), ਸ਼੍ਰੀਮਤੀ ਰੀਤੂ ਕਲਸੀ, ਇੰਜੀ. ਸਤਨਾਮ ਸਿੰਘ ਮੱਟੂ, ਰੀਨੂ ਕੌਰ, ਹਰਸਿਮਰਤ ਕੌਰ, ਸ ਮੱਲ ਸਿੰਘ ਤਲਵੰਡੀ ਸਾਬੋ ਆਦਿ ਸ਼ਾਮਲ ਹਨ।



LARRY T. NIERMEYER
Attorney at Law



OFFERING SERVICES IN THE FOLLOWING AREAS

1. Divorce/Family law
2. Restraining Orders
3. Criminal Matters
4. Driving Under Influence (DUI)
5. Work Injury/Car Injury
6. Defamation Cases
7. Personal Injury
8. Wrongful Death
9. Civil Litigation





PHONE: (209) 574-9447
1420 F STREET ST_ 2ND FLOOR MODESTO, CA 95354
Email : ltniermeyer@aol.com


Imperial Spice
Resturant Bar & Banquet Hall
Vibrant flavors of
North and South Indian cuisine.
IMPERIAL SPICE
OPEN
10am to 10pm
ਸੋਮਵਾਰ ਤੋਂ ਬੁੱਧਵਾਰ 10am to 3pm
Lunch Buffett
ਸਿਰਫ ਤੇ ਸਿਰਫ
$14.99
SPECIAL
Fish Pakora
$4.99
ਜੇਕਰ ਤੁਸੀਂ $100 ਤੋ ਵੱਧ ਖਰਚਦੇ ਹੋ ਤਾਂ 1 ਪਲੇਟ ਪਾਣੀਪੁਰੀ FREE
OPEN
7 DAYS
A WEEK
ਮੰਗਲਵਾਰ ਨੂੰ ਖਾਸ ਸਪੈਸ਼ਲ Buffet $12.99
ਰਾਤੀ Dinner ਸਮੇਂ 5 ਜਾਂ 5 ਤੋਂ ਵੱਧ ਬੰਦਿਆਂ ਦੇ ਖਾਣਾ ਖਾਣ 'ਤੇ ਹੋਵੇਗਾ 10% discount
ਸਿਰਫ ਮੰਗਲਵਾਰ ਨੂੰ hard liquor ਦੀਆਂ ਕੁਝ items ਦੇ shot ਦੀ ਕੀਮਤ ਹੋਵੇਗੀ ਸਿਰਫ $8
PACKAGE DEALS AVAILABLE
Spacious Banquet Hall
Professional Decoration
DJ & Special Security Available
5000 ਬੰਦਿਆਂ ਤੱਕ ਦੀ
Catering ਦਾ ਪ੍ਰਬੰਧ
ਅਸੀਂ ਦੇਸੀ ਘਿਉ ਦੀਆਂ ਹਰ ਤਰ੍ਹਾਂ ਦੀਆਂ ਮਿਠਾਈਆਂ ਵੀ ਬਣਾਉਂਦੇ ਹਾਂ
ਅਤੇ ਵਿਆਹ ਸ਼ਾਦੀਆਂ ਵਾਸਤੇ ਵੱਡੇ ਆਡਰ ਵੀ ਮਿਠਾਈਆਂ ਦੇ ਲੈਂਦੇ ਹਾਂ ।
Sonu (209) 595-8596 Goutam (209) 494-9404
430 W Grant Line Rd Tracy, CA 95376


ATWAL
IMMIGRATION SERVICES
ATWAL
TAX & IMMIGRATION
— SERVICES —
FAMILY PETITIONS
NATURALIZATION (US CITIZENSHIP)
GREEN CARD RENEW
WORK PERMIT RENEW
AFFIDAVIT OF SUPPORT
INDIAN AND US PASSPORT RENEW
INDIAN VISA
OCI
E-VISA
INDIAN PASSPORT SURRENDER
ਦੇਰ ਨਾ ਕਰੋ, ਹੁਣੇ ਮਿਲੋ TAX ਅਤੇ ਹੋਰ ਵਧੇਰੀਆਂ
IMMIGRATION SERVICES ਲਈ
TONY
ATWAL
ਵਧੇਰੇ ਜਾਣਕਾਰੀ ਤੁਸੀਂ ਲੈ ਸਕਦੇ ਹੋ
iservice1416@gmail.com
ਜਾਂ ਫ਼ਿਰ ਸਾਡੀ WEBSITE
www.atwaltaximmigrationservices.com
ADDRESS 1
119 N Maple Ave, Ste B,Manteca, CA,95336 Manteca
(209) 505-6384
ADDRESS 2
2800 Mitchell Rd,Ste.W,Ceres ,CA 95307, Ceres
(209) 568-9682

# CAPITAL SERVICES

INSURANCE | VEHICLE REG. | IMMIGRATION | NOTARY PUBLIC | LIVE SCAN

ਸੈਕਰਾਮੈਂਟੋ, ਕੈਲੀਫੋਰਨੀਆ

**AUTO · HOME · TRUCK · BUSINESS · LIFE · MEDICAL**

## ਪਾਸਪੋਰਟ / ਵੀਜ਼ਾ

* ੳ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents

The Attorney has 25 years of experience in your favor for all legal services.

## Vehicle Registration

(Approved by CA DMV)

* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification

Lic.43779

## Other Services

* Live Scan / Fingerprints
* Covered California.
* Drug Testing * Alcohol Test
* Notary Services
* International Driver Lic.

Lic. 6000947



**Office Ph.(916) 427-4321**

6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us



Capital DRUG TESTING

# CAPITAL DRUG TESTING

Drug and Alcohol Test

**DOT / NON DOT**

PRE EMPLOYMENT - RANDOM
POST ACCIDENT - REASONABLE SUSPICION

Services: DOT Random Prog., FMCSA Clearinghouse, DOT Supervisor Training, SAP Classes Etc.

**Lab. Ph:(916) 680-9293**

6624 Florin Road
Sacramento CA, 95828
Email: capitaldrugtest@gmail.com
Website: www.capitaldrugtest.com



ਹਰੇ ਟਰੱਕਾਂ ਵਾਲਿਆਂ ਦੇ ਨਾਂਅ ਨਾਲ ਜਾਣੇ ਜਾਂਦੇ

# SMARTWAY EXPRESS INC.



Trucking ਵਿੱਚ ਲੰਬੇ ਸਮੇਂ ਦੇ ਤਜ਼ੁਰਬੇਕਾਰ

**Paul Sahota**

ਓਨਰ ਓਪਰੇਟਰਾਂ ਤੇ ਟੀਮ ਡਰਾਈਵਰਾਂ ਦੀ ਲੋੜ
ਤਜ਼ਰਬਾ ਘੱਟੋ–ਘੱਟ 1 ਸਾਲ
ਇੱਥੇ ਟੀਮ ਡਰਾਈਵਰਾਂ ਨੂੰ 60 ਸੇਂਟ ਅਤੇ ਸੋਲੋ ਡਰਾਇਵਰਾਂ ਨੂੰ 52 ਸੇਂਟ ਪ੍ਰਤੀ ਮੀਲ ਦਿੱਤੇ ਜਾਂਦੇ ਹਨ ਤੇ ਸਾਲ ਦੇ ਆਖੀਰ 'ਚ W-2 ਦਿੱਤਾ ਜਾਂਦਾ ਹੈ

ਜੇਕਰ ਤੁਸੀਂ ਚਾਹੁੰਦੇ ਹੋ ਟਰੱਕ ਖਰੀਦਣਾ ਜਾਂ ਸਾਡੇ ਨਾਲ ਕੰਮ ਕਰਨਾ ਤਾਂ ਅਸੀਂ ਤੁਹਾਡੀ ਪੂਰੀ ਮਦਦ ਕਰਾਂਗੇ

ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਜਾਂ ਕੰਮ ਲਈ ਸਾਨੂੰ ਫੋਨ ਕਰੋ
ਫੋਨ : (559) 653-8130, 774-243-4154

SmartWay Express 3545 Date Avenue Fresno, CA 93725
ਈ–ਮੇਲ: newtrucks@smartwayexp.com

ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ

e-Baba Entertainment App ਨੂੰ Download ਕਰੋ।




ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।


JASPREET SINGH
ATTORNEY AT LAW USA
JASPREET SINGH ATTORNEY AT LAW USA
SPECIALIZES IN IMMIGRATION LAW MATTERS , POLITICAL ASYLUM , DEPORTATION DEFENSE , GREEN CARDS , MARRIAGE , CITIZENSHIP, P3 AND E-2 VISAS ,
LAW OFFICES IN NY , NJ AND CALIFORNIA
SACRAMENTO, CA
5855 AUBURN BLVD, SACRAMENTO, CA 95841
+1-917-915-4142
FREMONT, CA
3155 KEARNEY ST, SUITE #248, FREMONT, CA 94538
+1-510-657-6444
NEW YORK, NY
108-14 JAMAICA AVENUE, RICHMOND HILL, NY 11418
+1-718-533-8444
FRESNO, CA
1625 E SHAW AVE #122, FRESNO, CA 93711
+1-559-271-5511
NEW JERSEY, NJ
2060 OAK TREE ROAD #1, EDISON, NEW JERSEY, 08820
+1-732-453-6699
LOS ANGELES, CA
1013 N BEGONIA AVE, ONTARIO, CA 91762
+1-917-915-4142
CONTACT
+1-917-915-4142
Jaspreetsinghlaoffice@gmail.com


Arrested ?
DUI ?
Drug Charges ?
Gun Violation ?
Ghuman Law Group
GHUMAN LAW GROUP
Get the Legal Defence you Deserve.
Why Choose Us?
Trusted Legal Experts
Personalized Strategies
Proven Track Record
Criminal Defence Law
• DUI / DWI Defense
• Drug Charges
• Domestic Violence Defense
• Assault & Battery Defense
• Theft / Fraud / Financial Crimes
• Probation Violations
Contact Us
info@ghumanlawgroup.com
ghumanlawgroup.org
+1 228-200-0001

GHUMAN LAW GROUP INC.

# Ghuman Law Group

## ਤੁਹਾਡੇ ਲਈ ਲੈ ਕੇ ਆਏ ਨੇ AMERICA ਵਿੱਚ BUSINESS ਕਰਨ ਦਾ ਸੁਨਿਹਰੀ ਮੌਕਾ !

ਜੇਕਰ ਤੁਸੀਂ Canada, England, Australia, New Zealand, Europe ਜਾਂ ਕਿਸੇ ਹੋਰ ਦੇਸ਼ ਦੇ ਨਾਗਰਿਕ ਹੋ

**ਆਓ E-2 Investor Visa ਰਾਹੀਂ**

ਸਿਰਫ $25,000 ਦੀ ਘੱਟੋ-ਘੱਟ Investment

ਜੇ ਹੋਰ ਵੱਧ invest ਕਰਨਾ ਚਾਹੋ, ਉਹ ਵੀ ਸੰਭਵ





**GHUMAN LAW GROUP**

**ਤੁਹਾਡੀ ਕੰਪਨੀ ਸੈੱਟ ਕਰਵਾਉਣ 'ਚ ਪੂਰੀ ਮਦਦ ਕਰੇਗਾ**



**ਇਮੀਗਰੇਸ਼ਨ ਸਬੰਧੀ ਸਾਰਾ Paperwork ਅਸੀਂ ਕਰਾਂਗੇ**

**ਪਰਿਵਾਰ ਸਮੇਤ 🇺🇸 ਆਉਣ ਦਾ ਵਧੀਆ ਮੌਕਾ**



- 2 ਸਾਲ ਦਾ Work Permit
- Spouse ਨੂੰ ਮਿਲੇਗਾ Open Work Permit
- ਬੱਚਿਆਂ ਲਈ ਸਕੂਲ ਜਾਣ ਦੀ ਇਜਾਜ਼ਤ
- ਹਰ 2 ਸਾਲ ਬਾਅਦ Work Permit Renew ਕਰਵਾ ਸਕਦੇ ਹੋ

**ਜਿੰਨਾ ਚਾਹੋ, ਅਮਰੀਕਾ ਵਿੱਚ ਰਹਿ ਕੇ ਆਪਣਾ ਬਿਜ਼ਨਸ ਚਲਾ ਸਕਦੇ ਹੋ**

MON - FRI, 9:00 AM - 3:00 PM

+1 (223) 300-0001 | www.ghumanlawgroup.org

2450 VENTURE OAKS WAY, STE 225 SACRAMENTO, CA



CIS

# CALIFORNIA
## IMMIGRATION SERVICES

YOUR REGISTERED & BONDED "IMMIGRATION-CONSULTANTS"

- FAMILY PETITION
- CITIZENSHIP
- GREEN CARD PETITION
- BUSINESS/VISITOR VISA
- STUDENT VISA
- CANADA VISA & P.R VARIOUS IMMIGRATION SERVICES



LIVE SCAN SERVICE
FEE $25.00
ROLLING FEE PER LIVE SCAN

NOTARY SERVICES
FEE $10.00

(408)422-8585 (510)573-3666

Fremont Office: 4127 Bay Street, Suite5
Manteca Office: 123 Sycamore Ave, Suite 201-E

www.caials.com
rosy@caials.com


Gillson
TRUCKING INC
NOW HIRING
TRUCK DRIVERS
CLASS A CDL
✓Signing Bonus
✓Top pay
✓Mileage Pay
✓Great Benefits
✓Over the Road or Local Routes
✓Reefers and Dry Van Operations
✓No touch freight
SKILLS
✓Responsible truck driver.
✓Experience with electronic equipment.
✓Ability to travel regularly.
✓Adaptivity and foresight to handle unexpected situations
(traffic, weather conditions and roads, etc.)
RESPONSIBILITIES
✓Safely operating assigned vehicles.
✓The Vehicles are maintained and serviced as needed.
✓Report any vehicle defects for repair.
✓Make safety a priority at all times.
✓Comply with standard federal laws and with company. policies and procedures.
PAY
✓Average pay: $0.45-$0.60 cents/mile
✓Weekly direct deposits
✓Bonuses for clean inspections
✓High mileage bonuses
NEWER EQUIPMENT
FREIGHTLINER AND VOLVO 2020 AND PRESENT
RESET PAY AWAY FROM TERMINALS- STOCKTON,. CA AND DAYTON, OHIO
Flexible Home Time
Pet Friendly
Rider Policy
SCAN QR CODE FOR
APPLY NOW
HEALTH BENEFITS
Health
Dental
Vision
1801 E Dr. Martin Luther King Jr. Blvd.
Stockton, CA 95205
925-400-9094 ext. 116, ext. 130 and ext. 144
info@teamgillson.com
GET IN TOUCH
gillsontrucking
company/gillsontrucking
www.teamgillson.com


RED CHILLI INDIAN
FOOD TRUCK
ਹਰ ਤਰ੍ਹਾਂ ਦੇ ਇੰਡੀਅਨ STARTERS ਤੇ MAIN COURSE
VEG | NON -VEG
ਸਵਾਦਿਸ਼ਟ ਖਾਣਾ, ਵਾਜਬ ਰੇਟਾਂ 'ਤੇ
BOOK US FOR
WEDDINGS
BIRTHDAY PARTIES
CORPORATE EVENTS
BACKYARD PARTIES
RED CHILLI INDIAN
FOOD TRUCK
ਸਾਡਾ ਟਰੱਕ
99 highway ਤੋਂ
Lander Avenue ਤੇ
ਨਿਕਲ ਕੇ ਲੱਗਦੇ ਸਾਰ ਹੀ
ਖੱਬੇ ਹੱਥ ਹੈ
RED CHILLI INDIAN
FOOD TRUCK
ਅਸੀ ਟਿਫਨ ਸਰਵਿਸ ਵੀ ਦਿੰਦੇ ਹਾਂ
DELIVERY Available
Call TO Order : (209) 216-8169
A Kaur 2340 Lander Ave Turlock, CA 95280

# ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ-ਸਰਲ ਵਿਆਖਿਆ

**ਅੰਗ 205**

ਰਾਗੁ ਗਉੜੀ ਪੂਰਬੀਭਗਏ ਮਹਲਾ ੫ ੴ ਸਤਿਗੁਰ ਪ੍ਰਸਾਦਿ ॥
ਕਿਨ ਬਿਧਿ ਮਿਲੈ ਗੁਸਾਈ ਮੇਰੇ ਰਾਮ ਰਾਇ ॥ ਕੋਈ ਐਸਾ ਸੰਤੁ ਸਹਜ ਸੁਖਦਾਤਾ ਮੋਹਿ ਮਾਰਗੁ ਦੇਇ ਬਤਾਈ ॥੧॥ ਰਹਾਉ ॥ ਅੰਤਰਿ ਅਲਖੁ ਨ ਜਾਈ ਲਖਿਆ ਵਿਚਿ ਪੜਦਾ ਹਉਮੈ ਪਾਈ ॥ ਮਾਇਆ ਮੋਹਿ ਸਭੋ ਜਗੁ ਸੋਇਆ ਇਹੁ ਭਰਮੁ ਕਹਹੁ ਕਿਉ ਜਾਈ ॥੧॥ ਏਕਾ ਸੰਗਤਿ ਇਕਤੁ ਗ੍ਰਿਹਿ ਬਸਤੇ ਮਿਲਿ ਬਾਤ ਨ ਕਰਤੇ ਭਾਈ ॥ ਏਕ ਬਸਤੁ ਬਿਨੁ ਪੰਚ ਦੁਹੇਲੇ ਓਹ ਬਸਤੁ ਅਗੋਚਰ ਠਾਈ ॥੨॥ ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ ॥ ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ ॥੩॥ ਜਿਨ ਕੇ ਬੰਧਨ ਕਾਟੇ ਸਤਿਗੁਰ ਤਿਨ ਸਾਧਸੰਗਤਿ ਲਿਵ ਲਾਈ ॥ ਪੰਚ ਜਨਾ ਮਿਲਿ ਮੰਗਲੁ ਗਾਇਆ ਹਰਿ ਨਾਨਕ ਭੇਦੁ ਨ ਭਾਈ ॥੪॥ ਮੇਰੇ ਰਾਮ ਰਾਇ ਇਨ ਬਿਧਿ ਮਿਲੈ ਗੁਸਾਈ ॥ ਸਹਜੁ ਭਇਆ ਭ੍ਰਮੁ ਖਿਨ ਮਹਿ ਨਾਠਾ ਮਿਲਿ ਜੋਤੀ ਜੋਤਿ ਸਮਾਈ ॥੧॥ ਰਹਾਉ ਦੂਜਾ ॥੧॥੧੨੨॥ {ਪੰਨਾ 205}

ਭਾਵ ਅਰਥ:-
ਹੇ ਮੇਰੇ ਰਾਮ ਰਾਏ ਮੇਰੇ ਮਾਲਕ ! ਮੈਂ ਆਪ ਜੀ ਨੂੰ ਕਿਸ ਤਰ੍ਹਾਂ ਨਾਲ ਮਿਲ ਸਕਦਾ ਹਾਂ ,ਕੋਈ ਸਾਧ ਸੰਗਤ ਕੋਈ ਗੁਰੂ ,ਮੈਨੂੰ ਸਹਿਜ ਅਡੋਲਤਾ ਅਤੇ ਸੁਖਾਂ ਦੇ ਗਾਮੀ ਪਰਮਾਤਮਾ ਦਾ ਰਸਤਾ ਦੱਸੇ, ਜਿਸ ਦੇ ਰਾਹੀਂ ਮੈਂ ਉਸ ਤੱਕ ਪਹੁੰਚ ਕਰ ਸਕਾਂ॥੧॥ ਰਹਾਉ॥
ਮੇਰੇ ਮਨ ਅੰਦਰ ਅਹੰਕਾਰ ਮੋਹ ਮਾਇਆ ਤੇ ਭਰਮਾਂ ਭੁਲੇਖਿਆਂ ਦਾ ਪਰਦਾ ਪਿਆ ਹੋਇਆ ਹੈ। ਨਾਲ ਹੀ ਸਾਰਾ ਸੰਸਾਰ ਇਸੇ ਵਿੱਚ ਗਲਤਾਨ ਹੈ। ਹੇ ਮੇਰੇ ਗੁਰੂ ! ਮੈਨੂੰ ਦੱਸੋ ਮੈਂ ਇਸ ਸਭ ਕੁਝ ਤੋਂ ਪਾਰ ਕਿਸ ਤਰ੍ਹਾਂ ਪਾ ਸਕਦਾ ਹਾਂ॥੧॥
ਹੇ ਭਾਈ ! ਆਤਮਾ ਤੇ ਪਰਮਾਤਮਾ ਇਕੋ ਹੀ ਸੰਗਤ ਵਿੱਚ ਹਨ, ਦੋਵੇਂ ਇੱਕੋ ਹੀ ਹਿਰਦੇ ਵਿੱਚ ਵਿਆਪਤ ਹਨ ਪਰ ਆਪਸ ਵਿੱਚ ਮਿਲ ਕੇ ਗੱਲਬਾਤ ਨਹੀਂ ਕਰਦੇ। ਇਕ ਨਾਮ ਪਦਾਰਥ ਤੋਂ ਬਿਨਾਂ ਜੀਵ ਦੇ ਪੰਜੇ ਗਿਆਨ ਇੰਦਰੇ ਦੁਖੀ ਰਹਿੰਦੇ ਹਨ। ਓਹੋ ਨਾਮ ਪਦਾਰਥ ਅਜਿਹੇ ਥਾਂ ਹੈ ਜਿੱਥੇ ਗਿਆਨ ਇੰਦਰੀਆਂ ਦੀ ਪਹੁੰਚ ਨਹੀਂ॥੨॥
ਹੇ ਭਾਈ! ਇਸ ਮਨੁੱਖੀ ਸਰੀਰ ਪ੍ਰਭੂ ਪਰਮਾਤਮਾ ਦਾ ਬਣਾਇਆ ਹੋਇਆ ਘਰ ਹੈ ਤੇ ਇਸ ਨੂੰ ਉਸ ਨੇ ਆਪ ਹੀ ਮੋਹ ਦਾ ਤਾਲਾ ਲਾ ਕੇ ਚਾਬੀ ਗੁਰੂ ਦੇ ਹੱਥ ਫੜਾ ਦਿੱਤੀ ਹੈ। ਇਸ ਲਈ ਸਿੱਧੀ ਜਿਹੀ ਗੱਲ ਹੈ ਕਿ ਗੁਰੂ ਦੇ ਚਰਨ ਲੱਗਿਆਂ ਬਗੈਰ , ਗੁਰੂ ਦੇ ਦੱਸੇ ਮਾਰਗ ਬਗੈਰ ਉਸ ਅਕਾਲ ਪੁਰਖ ਸੱਚੇ ਪਾਤਸ਼ਾਹ ਨੂੰ ਪਾਉਣਾ ਇਹ ਮਨੁੱਖ ਦੇ ਵੱਸ ਦੀ ਗੱਲ ਨਹੀਂ ਹੈ॥੩॥
ਜਿਸ ਉੱਤੇ ਗੁਰੂ ਮਿਹਰਬਾਨ ਹੋ ਜਾਂਦਾ ਹੈ ਉਸ ਦੇ ਹਰ ਤਰ੍ਹਾਂ ਦੇ ਬੰਧਨ ਕੱਟੇ ਜਾਂਦੇ ਹਨ ਅਤੇ ਉਸ ਦਾ ਸਾਧ ਸੰਗਤ ਨਾਲ ਜੁੜਾਵ ਹੋ ਜਾਂਦਾ ਹੈ। (ਭਾਵ ਗੁਰੂ ਨਾਲ ਮਿਲਾਪ ਹੋ ਜਾਂਦਾ ਹੈ) । ਭਾਵੇਂ ਪੰਜੇ ਗਿਆਨ ਇੰਦਰੇ ਇਕੱਠੇ ਹੋ ਕੇ ਜਿੰਨਾ ਮਰਜ਼ੀ ਪ੍ਰਭੂ ਨੂੰ ਪਾਉਣ ਦਾ ਜ਼ੋਰ ਲਾਉਂਦੇ ਹਨ ਪਰ ਉਹ ਉਸ ਦਾਤੇ ਦਾ ਭੇਦ ਨਹੀਂ ਪਾ ਸਕਦੇ॥੪॥
ਹੇ ਮੇਰੇ ਪ੍ਰਭੂ ! ਮੇਰੇ ਹਰਿ ਮੇਰੇ ਦਾਤਾ , ਇਸ ਤਰੀਕੇ ਨਾਲ ਭਾਵ ਗੁਰੂ ਦੇ ਸ਼ਰਨ ਪੈ ਕੇ ਹੀ ਤੈਨੂੰ ਮਿਲਿਆ ਜਾ ਸਕਦਾ ਹੈ। ਮਾਲਕਾ ਤੇ ਨਾਲ ਹੀ ਮਨੁੱਖ ਦੇ ਅੰਦਰ ਸਹਿਜ ਅਡੋਲਤਾ ਸ਼ਾਂਤੀ ਟਿਕਾਅ ਵੀ ਆ ਜਾਂਦਾ ਹੈ ਤੇ ਨਾਲ ਹੀ ਹਰ ਤਰ੍ਹਾਂ ਦੇ ਭਰਮ ਬੇਵਿਸਾਹੀਆਂ ਮਿੰਟਾਂ ਵਿੱਚ ਉੱਡ ਜਾਂਦੀਆਂ ਹਨ ,ਇਸ ਤਰ੍ਹਾਂ (ਆਤਮਾ ਦੇ ਪਵਿੱਤਰ ਹੋਣ ਨਾਲ) ਉਹ ਦਾਤਾ ਬੰਦੇ ਦੀ ਅੰਦਰਲੀ ਜੋਤ ਨੂੰ ਆਪਣੇ ਨਾਲ ਮਿਲਾ ਲੈਂਦਾ ਹੈ॥੧॥ ਰਹਾਉ॥

ਗਉੜੀ ਮਹਲਾ ੫ ॥
ਐਸੋ ਪਰਚਉ ਪਾਇਓ ॥ ਕਰੀ ਕ੍ਰਿਪਾ ਦਇਆਲ ਬੀਠੁਲੈ ਸਤਿਗੁਰ ਮੁਝਹਿ ਬਤਾਇਓ ॥੧॥ ਰਹਾਉ ॥ ਜਤ ਕਤ ਦੇਖਉ ਤਤ ਤਤ ਤੁਮ ਹੀ ਮੋਹਿ ਇਹੁ ਬਿਸੁਆਸੁ ਹੋਇ ਆਇਓ ॥ ਕੈ ਪਹਿ ਕਰਉ ਅਰਦਾਸਿ ਬੇਨਤੀ ਜਉ ਸੁਨਤੋ ਹੈ ਰਘੁਰਾਇਓ ॥੧॥ ਲਹਿਓ ਸਹਸਾ ਬੰਧਨ ਗੁਰਿ ਤੋਰੇ ਤਾਂ ਸਦਾ ਸਹਜ ਸੁਖੁ ਪਾਇਓ ॥ ਹੋਣਾ ਸਾ ਸੋਈ ਫੁਨਿ ਹੋਸੀ ਸੁਖੁ ਦੁਖੁ ਕਹਾ ਦਿਖਾਇਓ ॥੨॥ ਖੰਡ ਬ੍ਰਹਮੰਡ ਕਾ ਏਕੋ ਠਾਣਾ ਗੁਰਿ ਪਰਦਾ ਖੋਲਿ ਦਿਖਾਇਓ ॥ ਨਉ ਨਿਧਿ ਨਾਮੁ ਨਿਧਾਨੁ ਇਕ ਠਾਈ ਤਉ ਬਾਹਰਿ ਕੈਠੈ ਜਾਇਓ ॥੩॥ ਏਕੈ ਕਨਿਕ ਅਨਿਕ ਭਾਤਿ ਸਾਜੀ ਬਹੁ ਪਰਕਾਰ ਰਚਾਇਓ ॥ ਕਹੁ ਨਾਨਕ ਭਰਮੁ ਗੁਰਿ ਖੋਈ ਹੈ ਇਵ ਤਤੈ ਤਤੁ ਮਿਲਾਇਓ ॥੪॥੨॥੧੨੩॥ {ਪੰਨਾ 205}

ਭਾਵ ਅਰਥ:-
ਹੇ ਮੇਰੇ ਬੀਠੁਲ (ਦਾਤਾ) ਮੈਨੂੰ ਹੁਣ ਤੇਰੇ ਉੱਤੇ ਪੂਰਨ ਯਕੀਨ ਹੋ ਗਿਆ ਹੈ, ਕਿ ਜਦੋਂ ਵੀ ਮੈਂ ਤੇਰੇ ਅੱਗੇ ਆਪਣੀ ਅਰਦਾਸ ਬੇਨਤੀ ਰੱਖਦਾ ਹਾਂ ਤੂੰ ਉਸਨੂੰ ਉਸੇ ਵੇਲੇ ਪੂਰੀ ਕਰਦਾ ਹੈਂ। ਮੇਰੀਆਂ ਕਾਮਨਾਵਾਂ ਮੇਰੀਆਂ ਇੱਛਾਵਾਂ ਸੰਪੂਰਨ ਕਰਕੇ ਮੈਨੂੰ ਸੁੱਖ ਦਿੰਦਾ ਹੈਂ। ਇਹ ਸੁਮੱਤ ਮੈਨੂੰ ਸੱਚੇ ਗੁਰੂ ਤੋਂ ਹਾਸਲ ਹੋਈ ਹੈ॥੧॥ ਰਹਾਉ॥
ਮੈਂ ਜਿੱਧਰ ਵੀ ਝਾਤੀ ਮਾਰਦਾ ਹਾਂ ਹੇ ! ਮੇਰੇ ਪ੍ਰਭੂ ਤੂੰ ਹੀ ਤੂੰ ਦਿਖਦਾ ਹੈਂ । ਹੁਣ ਮੈਨੂੰ ਇਸ ਚੀਜ਼ ਦਾ ਭਰੋਸਾ ਹੋ ਗਿਆ ਹੈ (ਕਿ ਤੂੰ ਹਰ ਥਾਂ ਮੌਜੂਦ ਹੈਂ)। ਫਿਰ ਮੈਂ ਹੋਰ ਕਿਸ ਅੱਗੇ ਅਰਦਾਸ ਬੇਨਤੀ ਕਰਾਂ ,ਜਦੋਂ ਉਹ ਗੋਬਿੰਦ ਪ੍ਰਭੂ ਆਪ ਹੀ ਮੇਰੀਆਂ ਸਾਰੀਆਂ ਮੁਸ਼ਕਿਲਾਂ ਨੂੰ ਸੁਣ ਕੇ ਠੀਕ ਕਰ ਦਿੰਦਾ ਹੈ॥੧॥
ਹੇ ਭਾਈ ! ਤੇਰੇ ਹਰ ਤਰ੍ਹਾਂ ਦੇ ਸ਼ੰਕੇ ਤੇ ਹਰ ਤਰ੍ਹਾਂ ਦੇ ਪਾਪ ਦੇ ਬੰਧਨ ਕੱਟੇ ਜਾਂਦੇ ਹਨ , ਮਨ ਵਿੱਚ ਸੁੱਖ ਆਨੰਦ ਚੈਨ ਆ ਜਾਂਦਾ ਹੈ ਤਾਂ ਫਿਰ ਮੈਂ ਇਹ ਸਾਰੇ ਦੁੱਖਾਂ ਸੁੱਖਾਂ ਨੂੰ ਕਿਸੇ ਹੋਰ ਨੂੰ ਕਿਉਂ ਦਿਖਾਵਾਂ॥੨॥
ਖੰਡਾਂ ਬ੍ਰਹਮੰਡਾਂ ਵਿੱਚ ਕੋਈ ਭੇਦ ਨਹੀਂ। ਇਸ ਸਭ ਕੁਝ ਨੂੰ ਉਹ ਪ੍ਰਭੂ ਪਰਮਾਤਮਾ ਆਪ ਚਲਾਉਂਦਾ ਹੈ, ਆਪ ਦੇਖਦਾ ਹੈ ਇਹ ਸਾਰੇ ਉਹਦੇ ਹੁਕਮ ਵਿੱਚ ਹਨ, ਉਸੇ ਪ੍ਰਭੂ ਨੇ ਆਪ ਹੀ ਸਾਰੇ ਪਰਦੇ ਖੋਲ ਕੇ ਸਾਨੂੰ ਇਸ ਦੀ ਜਾਣਕਾਰੀ ਦਿੱਤੀ ਹੈ। ਜਦੋਂ ਉਸ ਦੇ ਦਿੱਤੇ ਹੋਏ ਨੌਂ ਨਿਧੀਆਂ ਦੇ (ਨਾਮ ਦੇ) ਖਜ਼ਾਨੇ ਨੇ ਸਾਰੀ ਜਾਣਕਾਰੀ ਆਪ ਹੀ ਦੇ ਦਿੱਤੀ ਹੈ ਤਾਂ ਫਿਰ ਅਸੀਂ ਹੋਰ ਕਿਤੇ ਕਿਉਂ ਭਟਕੀਏ॥੩॥
ਹੇ ਨਾਨਕ ! ਜਿਵੇਂ ਸੋਨੇ ਨੂੰ ਢਾਲ ਕੇ ਵੱਖਰੀ ਵੱਖਰੀ ਕਿਸਮ ਦੇ ਗਹਿਣੇ ਬਣਾਏ ਜਾ ਸਕਦੇ ਹਨ, ਇਸੇ ਤਰ੍ਹਾਂ ਪ੍ਰਭੂ ਦੇ ਨਾਮ ਦੇ ਤੱਤ ਨੂੰ ਕਈਆਂ ਤਰੀਕਿਆਂ ਨਾਲ ਜਪਿਆ ਜਾ ਸਕਦਾ ਹੈ ਅਤੇ ਉਸੇ ਤੱਤ ਵਿੱਚ ਸਮਾਇਆ ਜਾ ਸਕਦਾ॥੪॥

ਗਉੜੀ ਮਹਲਾ ੫ ॥
ਅਉਧ ਘਟੈ ਦਿਨਸੁ ਰੈਨਾਰੇ ॥ ਮਨ ਗੁਰ ਮਿਲਿ ਕਾਜ ਸਵਾਰੇ ॥੧॥ ਰਹਾਉ ॥ ਕਰਉ ਬੇਨੰਤੀ ਸੁਨਹੁ ਮੇਰੇ ਮੀਤਾ ਸੰਤ ਟਹਲ ਕੀ ਬੇਲਾ ॥ ਈਹਾ ਖਾਟਿ ਚਲਹੁ ਹਰਿ ਲਾਹਾ ਆਗੈ ਬਸਨੁ ਸੁਹੇਲਾ ॥੧॥ ਇਹੁ ਸੰਸਾਰੁ ਬਿਕਾਰੁ ਸਹਸੇ ਮਹਿ ਤਰਿਓ ਬ੍ਰਹਮ ਗਿਆਨੀ ॥ ਜਿਸਹਿ ਜਗਾਇ ਪੀਆਏ ਹਰਿ ਰਸੁ ਅਕਥ ਕਥਾ ਤਿਨਿ ਜਾਨੀ ॥੨॥ ਜਾ ਕਉ ਆਏ ਸੋਈ ਵਿਹਾਝਹੁ ਹਰਿ ਗੁਰ ਤੇ ਮਨਹਿ ਬਸੇਰਾ ॥ ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ ਬਹੁਰਿ ਨ ਹੋਇਗੋ ਫੇਰਾ ॥੩॥ ਅੰਤਰਜਾਮੀ ਪੁਰਖ ਬਿਧਾਤੇ ਸਰਧਾ ਮਨ ਕੀ ਪੂਰੇ ॥ ਨਾਨਕ ਦਾਸੁ ਇਹੀ ਸੁਖੁ ਮਾਗੈ ਮੋ ਕਉ ਕਰਿ ਸੰਤਨ ਕੀ ਧੂਰੇ ॥੪॥੩॥੧੨੪॥ {ਪੰਨਾ 205}

ਭਾਵ ਅਰਥ:-
ਹੇ ਭਾਈ ! ਤੇਰੀ ਉਮਰ ਦਿਨ ਪ੍ਰਤੀ ਦਿਨ ਘੱਟਦੀ ਜਾਂਦੀ ਹੈ ਇਸ ਲਈ ਦਿਨ ਰਾਤ ਗੁਰੂ ਨੂੰ ਮਿਲ ਕੇ ਉਹਦੇ ਮਾਰਗ ਦਰਸ਼ਨ ਦੇ ਅਨੁਸਾਰ ਅਕਾਲ ਪੁਰਖ ਦੇ ਨਾਮ ਨੂੰ ਸਿਮਰਨਨਾ ਕਰ॥੧॥ ਰਹਾਉ॥
ਹੇ ਮੇਰੇ ਮਿੱਤਰ ਪਿਆਰੇ ! ਇਹ ਜਿਹੜਾ ਜੀਵਨ ਤੈਨੂੰ ਮਿਲਿਆ ਹੈ ਇਹ ਪ੍ਰਭੂ ਪਰਮਾਤਮਾ ਦੇ ਨਾਮ ਦੀ ਸੇਵਾ ਕਰਨ ਦਾ ਮੌਕਾ ਮਿਲਿਆ ਹੈ, ਜੇ ਤੂੰ ਇੱਥੇ ਉਸਦੇ ਨਾਮ ਸਿਮਰਨ ,ਉਸਦੀ ਬਾਣੀ ਦਾ ਭਜਨ ਕਰਕੇ ਇਹ ਲਾਹਾ ਖੱਟ ਲਏਂਗਾ ਤਾਂ ਅੱਗੇ ਤੂੰ ਆਪੇ ਹੀ ਸੁਖਾਲਾ ਹੋ ਜਾਏਂਗਾ॥੧॥
ਇਹ ਸੰਸਾਰ ਬੇਕਾਰ ਦੀਆਂ ਚੀਜ਼ਾਂ (ਮਾਇਆ ਮੋਹ) ਵਿੱਚ ਫਸਿਆ ਹੋਇਆ ਹੈ । ਤਰਦੇ ਹਨ ਤਾਂ ਸਿਰਫ ਬ੍ਰਹਮ ਗਿਆਨੀ ਭਾਵ ਜਿਹੜੇ ਉਸ ਏਕੰਕਾਰ ਨਾਲ ਆਪਣੀ ਨੀਂਝ ਲਾ ਲੈਂਦੇ ਹਨ। ਜੀਸ ਜੀਵ ਉੱਤੇ ਉਸ ਪ੍ਰਭੂ ਦੀ ਦਇਆ ਦ੍ਰਿਸ਼ਟੀ ਹੋ ਜਾਂਦੀ ਹੈ, ਉਸ ਦੇ ਮਨ ਨੂੰ ਰੌਸ਼ਨ ਕਰਕੇ ਨਾਮ ਦੀ ਹਕੀਕਤ ਪ੍ਰਭੂ ਪਰਮਾਤਮਾ ਆਪ ਹੀ ਸਮਝਾ ਦਿੰਦਾ ਹੈ ਤੇ ਆਪਣੀ ਪ੍ਰੇਮ ਦੀ ਕਥਾ ਭਾਵ, ਬਾਣੀ ਦਾ ਨਾਮ ਰਸ ਉਸ ਨੂੰ ਸਮਝਾ ਦਿੰਦਾ ਹੈ॥੨॥
ਹੇ ਭਾਈ ! ਜਿਸ ਨਾਮ ਦਾ ਵਪਾਰ ਕਰਨ ਵਾਸਤੇ ਇਸ ਸੰਸਾਰ ਵਿੱਚ ਆਏ ਹੋ, ਉਹ ਵਪਾਰ ਕਰੋ। ਪ੍ਰਭੂ ਪਰਮਾਤਮਾ ਆਪਣੇ ਆਪ ਤੁਹਾਡੇ ਹਿਰਦੇ ਅੰਦਰ ਆਣ ਵੱਸੇਗਾ । ਇਸ ਤਰ੍ਹਾਂ ਜੰਮਣ ਮਰਨ ਦਾ ਗੇੜ ਖਤਮ ਹੋ ਜਾਏਗਾ (ਮੁਕਤੀ ਮਿਲ ਜਾਏਗੀ) ਅਤੇ ਤੁਹਾਨੂੰ ਸਵਰਗ ਦੇ ਵਿੱਚ ਵਾਸਾ ਮਿਲ ਜਾਏਗਾ(ਭਾਵ ਜੂਨਾਂ ਦੇ ਗੇੜ ਵਿੱਚ ਨਹੀਂ ਪੈਣਾ ਪਵੇਗਾ)॥੩॥
ਹੇ ਨਾਨਕ ! ਉਹ ਪ੍ਰਭੂ ਪਰਮਾਤਮਾ ਦਿਲਾਂ ਦੀਆਂ ਜਾਣਦਾ ਹੈ ਤੇ ਮੈਂ ਦਾਸ ਨਾਨਕ ਇੱਕੋ ਹੀ ਚੀਜ਼ ਦੀ ਆਪ ਤੋਂ ਅਰਦਾਸ ਕਰਦਾ ਹਾਂ ਕਿ ਮੈਨੂੰ ਸੰਤਾਂ ਦੇ ਚਰਨਾਂ ਦੀ ਧੂੜ ਦੇ ॥੪॥

**ਅੰਗ 206**

ਗਉੜੀ ਮਹਲਾ ੫ ॥
ਰਾਖੁ ਪਿਤਾ ਪ੍ਰਭ ਮੇਰੇ ॥ ਮੋਹਿ ਨਿਰਗੁਨੁ ਸਭ ਗੁਨ ਤੇਰੇ ॥੧॥ ਰਹਾਉ ॥ ਪੰਚ ਬਿਖਾਦੀ ਏਕੁ ਗਰੀਬਾ ਰਾਖਹੁ ਰਾਖਨਹਾਰੇ ॥ ਖੇਦੁ ਕਰਹਿ ਅਰੁ ਬਹੁਤੁ ਸੰਤਾਵਹਿ ਆਇਓ ਸਰਨਿ ਤੁਹਾਰੇ ॥੧॥ ਕਰਿ ਕਰਿ ਹਾਰਿਓ ਅਨਿਕ ਬਹੁ ਭਾਤੀ ਛੋਡਹਿ ਕਤਹੂੰ ਨਾਹੀ ॥ ਏਕ ਬਾਤ ਸੁਨਿ ਤਾਕੀ ਓਟਾ ਸਾਧਸੰਗਿ ਮਿਟਿ ਜਾਹੀ ॥੨॥ ਕਰਿ ਕਿਰਪਾ ਸੰਤ ਮਿਲੇ ਮੋਹਿ ਤਿਨ ਤੇ ਧੀਰਜੁ ਪਾਇਆ ॥ ਸੰਤੀ ਮੰਤੁ ਦੀਓ ਮੋਹਿ ਨਿਰਭਉ ਗੁਰ ਕਾ ਸਬਦੁ ਕਮਾਇਆ ॥੩॥ ਜੀਤਿ ਲਏ ਓਇ ਮਹਾ ਬਿਖਾਦੀ ਸਹਜ ਸੁਹੇਲੀ ਬਾਣੀ ॥ ਕਹੁ ਨਾਨਕ ਮਨਿ ਭਇਆ ਪਰਗਾਸਾ ਪਾਇਆ ਪਦੁ ਨਿਰਬਾਣੀ ॥੪॥੪॥੧੨੫॥ {ਪੰਨਾ 206}

ਭਾਵ ਅਰਥ:-
ਹੇ ਮੇਰੇ ਦਾਤਾ ਮੇਰੇ ਪ੍ਰਭੂ ! ਮੈਨੂੰ ਬੇਗੁਨ ਨੂੰ ਰੱਖ ਲੈ , ਮੇਰੀ ਲਾਜ ਰੱਖ ਲੈ ਜਿੰਨੇ ਵੀ ਗੁਣ ਹਨ ਜਿੰਨੀਆਂ ਵੀ ਵਿਸ਼ੇਸ਼ਤਾਵਾਂ ਹਨ ਉਹ ਆਪ ਜੀ ਵਿੱਚ ਹੀ ਹਨ। ਮੈਂ ਇਹਨਾਂ ਸਾਰੀਆਂ ਖੂਬਸੂਰਤੀਆਂ ਤੋਂ ਸੱਖਣਾ ਹਾਂ॥੧॥ ਰਹਾਉ॥
ਮੈਨੂੰ ਗਰੀਬ ਨੂੰ ਇੰਨਾਂ ਪੰਜ ( ਕਾਮ ਕ੍ਰੋਧ ਲੋਭ ਮੋਹ ਹੰਕਾਰ ) ਰੂਪੀ ਬਿਮਾਰੀਆਂ ਨੇ ਘੇਰ ਰੱਖਿਆ ਹੈ। ਹੇ ਮੇਰੇ ਰਖਵਾਲੇ ਪ੍ਰਭੂ ! ਮੇਰੀ ਇਹਨਾਂ ਤੋਂ ਰੱਖਿਆ ਕਰੋ। ਮੈਂ ਇਹਨਾਂ ਦੇ ਮਗਰ ਲੱਗ ਕੇ ਬੜੇ ਦੁੱਖ ਝੱਲੇ ਹਨ, ਹੁਣ ਮੈਨੂੰ ਬਹੁਤ ਪਛਤਾਵਾ ਹੈ ਤੇ ਆਪ ਜੀ ਦੇ ਸ਼ਰਨ ਆਇਆ ਹਾਂ॥੧॥
ਮੈਂ ਬੜੇ ਪਖੰਡ ਆਦਿ ਕਰ ਚੁੱਕਿਆ ਹਾਂ, ਪਰ ਮੈਨੂੰ ਕਿਸੇ ਕਾਰਜ ਵਿੱਚੋਂ ਕੋਈ ਲਾਭ ਨਹੀਂ ਹੋਇਆ। ਕਿਤੋਂ ਮੈਨੂੰ ਇੱਕ ਭਣਕ ਪਈ ਕਿ ਗੁਰੂ ਦਾ ਆਸਰਾ ਲੈਣਾ ਚਾਹੀਦਾ ਹੈ ਤਾਂ ਮੈਂ ਸਾਧ ਸੰਗਤ ਵਿੱਚ ਆਇਆ ਹਾਂ॥੨॥
ਆਪ ਜੀ ਦੀ ਕਿਰਪਾ ਹੋਈ ਹੈ ਤੇ ਮੈਨੂੰ ਗੁਰੂ ਦਾ ਸਾਥ ਮਿਲਿਆ । ਜਿਸ ਦੇ ਮਾਰਗ ਦਰਸ਼ਨ ਅਨੁਸਾਰ ਤੇਰਾ ਨਾਮ ਮੇਰੇ ਹਿਰਦੇ ਅੰਦਰ ਵਸਿਆ ,ਜਿਸ ਨੇ ਮੈਨੂੰ ਠਹਿਰਾਵ ,ਅਡੋਲਤਾ ਪ੍ਰਧਾਨ ਕੀਤੀ ॥ ਉਸੇ ਸਾਧ ਸੰਗਤ ਵਿੱਚ ਮੈਨੂੰ ਸ਼ਾਂਤੀ ਮਿਲੀ ਹੈ ,ਨਿਰਭੈਤਾ ਮਿਲੀ ਹੈ ਅਤੇ ਉਸੇ ਗੁਰੂ ਨੇ ਮੈਨੂੰ ਮਾਰਗ ਦੱਸ ਕੇ ਆਪ ਦੇ ਨਾਮ ਨਾਲ ਜੋੜਿਆ॥੩॥
ਹੇ ਨਾਨਕ ! ਇਸ ਨਾਮ ਦੇ ਨਾਲ ਜੁੜਨ ਨਾਲ ਮੈਂ ਇਸ ਪੰਜਾਂ ਬਿਮਾਰੀਆਂ ਉੱਤੇ ਕਾਬੂ ਪਾ ਸਕਿਆ ਹਾਂ, ਕਿਉਂਕਿ ਮੇਰੇ ਅੰਦਰ ਪ੍ਰਭੂ ਪਰਮਾਤਮਾ ਦੇ ਨਾਮ ਦਾ ਗਿਆਨ ਹੋ ਗਿਆ ਸੀ ਅਤੇ ਨਿਸ਼ਕਾਮ ਤੱਤ ਹਾਸਲ ਕਰ ਸਕਿਆ ਹਾਂ॥੪॥

ਗਉੜੀ ਮਹਲਾ ੫ ॥
ਓਹੁ ਅਬਿਨਾਸੀ ਰਾਇਆ ॥ ਨਿਰਭਉ ਸੰਗਿ ਤੁਮਾਰੈ ਬਸਤੇ ਇਹੁ ਡਰਨੁ ਕਹਾ ਤੇ ਆਇਆ ॥੧॥ ਰਹਾਉ ॥ ਏਕ ਮਹਲਿ ਤੂੰ ਹੋਹਿ ਅਫਾਰੋ ਏਕ ਮਹਲਿ ਨਿਮਾਨੋ ॥ ਏਕ ਮਹਲਿ ਤੂੰ ਆਪੇ ਆਪੇ ਏਕ ਮਹਲਿ ਗਰੀਬਾਨੋ ॥੧॥ ਏਕ ਮਹਲਿ ਤੂੰ ਪੰਡਿਤੁ ਬਕਤਾ ਏਕ ਮਹਲਿ ਖਲੁ ਹੋਤਾ ॥ ਏਕ ਮਹਲਿ ਤੂੰ ਸਭੁ ਕਿਛੁ ਗ੍ਰਾਹਜੁ ਏਕ ਮਹਲਿ ਕਛੂ ਨ ਲੇਤਾ ॥੨॥ ਕਾਠ ਕੀ ਪੁਤਰੀ ਕਹਾ ਕਰੈ ਬਪੁਰੀ ਖਿਲਾਵਨਹਾਰੋ ਜਾਨੈ ॥ ਜੈਸਾ ਭੇਖੁ ਕਰਾਵੈ ਬਾਜੀਗਰੁ ਓਹੁ ਤੈਸੋ ਹੀ ਸਾਜੁ ਆਨੈ ॥੩॥ ਅਨਿਕ ਕੋਠਰੀ ਬਹੁਤੁ ਭਾਤਿ ਕਰੀਆ ਆਪਿ ਹੋਆ ਰਖਵਾਰਾ ॥ ਜੈਸੇ ਮਹਲਿ ਰਾਖੈ ਤੈਸੈ ਰਹਨਾ ਕਿਆ ਇਹੁ ਕਰੈ ਬਿਚਾਰਾ ॥੪॥ ਜਿਨਿ ਕਿਛੁ ਕੀਆ ਸੋਈ ਜਾਨੈ ਜਿਨਿ ਇਹ ਸਭ ਬਿਧਿ ਸਾਜੀ ॥ ਕਹੁ ਨਾਨਕ ਅਪਰੰਪਰ ਸੁਆਮੀ ਕੀਮਤਿ ਅਪੁਨੇ ਕਾਜੀ ॥੫॥੫॥੧੨੬॥ {ਪੰਨਾ 206}

ਭਾਵ ਅਰਥ:-
ਉਹ ਅਕਾਲ ਪੁਰਖ ਸਦਾ ਥਿਰ ਰਹਿਣ ਵਾਲਾ ਪ੍ਰਭੂ, ਬਾਦਸ਼ਾਹਾਂ ਦਾ ਬਾਦਸ਼ਾਹ ਹੈ। ਜਦੋਂ ਮੈਂ ਤੇਰੇ ਨਾਮ ਦੇ ਨਾਲ ਵੱਸਦਾ ਹਾਂ , ਤਾਂ ਡਰ ਕਿਸ ਚੀਜ਼ ਦਾ॥੧॥ ਰਹਾਉ॥
ਹੇ ਮੇਰੇ ਅਪਰੰਪਾਰ ਪ੍ਰਭੂ ! ਤੇਰੀਆਂ ਤੂੰ ਹੀ ਜਾਣੇ। ਇਕ ਬੰਦੇ ਦੇ ਅੰਦਰ ਤੂੰ ਅਹੰਕਾਰ ਭਰਿਆ ਹੋਇਆ ਹੈ, ਦੂਜੇ ਅੰਦਰ ਨਿਮਾਣਾਪਣ ,ਤੀਜੇ ਅੰਦਰ ਤੂੰ ਆਪ ਹੀ ਵੱਸਦਾ ਹੈਂ ਤੇ ਕਿਸੇ ਦੇ ਅੰਦਰ ਤੂੰ ਗਰੀਬੜਾ ਬਣ ਕੇ ਰਹਿੰਦਾ ਹੈ॥੧॥
ਇੱਕ ਮਨੁੱਖ ਅੰਦਰ ਤੂੰ ਵਿਦਵਾਨ ਦੇ ਰੂਪ ਵਿੱਚ ਵਿਰਾਜਮਾਨ ਹੈਂ ਤੇ ਦੂਜੇ ਅੰਦਰ ਮੂਰਖ। ਇਕ ਮਨੁੱਖ ਜੋ ਦੂਸਰਿਆਂ ਤੋਂ ਸਭ ਕੁਝ ਖੋ ਲੈਂਦਾ ਹੈ ,ਤੇ ਇੱਕ ਜਿਹੜਾ ਸਭ ਨੂੰ ਦਿੰਦਾ ਹੈ ਉਹਨਾਂ ਦੋਨਾਂ ਵਿੱਚ ਵੀ ਤੂੰ ਹੀ ਵਸਦਾ ਹੈ॥੨॥
ਇਹ ਜੀਵ ਲਕੜੀ ਦਾ ਪੁਤਲਾ ਹੈ ਤੇ ਤੂੰ ਉਹਨੂੰ ਖਿਡਾਉਣ ਵਾਲਾ ਜਿਸ ਨੂੰ ਤੂੰ ਆਪੇ ਹੀ ਜਾਣਦਾ ਹੈਂ , ਆਪ ਹੀ ਨਚਾਉਂਦਾ ਹੈਂ ,ਜਿੱਦਾਂ ਬਾਜੀਗਰ ਆਪਣੀ ਪੁਤਲੀ ਨੂੰ ਜਿਹੜਾ ਮਰਜੀ ਰੂਪ ਦੇ ਦਿੰਦਾ ਹੈ। ਹੇ ਪ੍ਰਭੂ ਤੂੰ ਵੀ ਇਸੇ ਤਰ੍ਹਾਂ ਤਰਾਂ ਆਪਣੇ ਬੰਦਿਆਂ ਨੂੰ, ਆਪਣੇ ਮੁਤਾਬਕ ਹੀ ਰੂਪ ਵੰਡਦਾ ਹੈਂ ,ਕਰਮ ਵੰਡਦਾ ਹੈਂ॥੩॥
ਹੇ ਪਰਮਾਤਮਾ ! ਤੂੰ ਆਪ ਹੀ ਜੀਵਾਂ ਦੇ ਸਰੀਰ ਵੱਖੋ ਵੱਖਰੀ ਕਿਸਮ ਦੇ ਬਣਾਏ ਹਨ , ਜਿਵੇਂ ਵੱਖੋ ਵੱਖਰੀਆਂ ਕੋਠੜੀਆਂ ਬਣਾਈਆਂ ਹੋਣ ਤੇ ਉਹਨਾਂ ਸਾਰਿਆਂ ਦਾ ਰਾਖਾ ਤੂੰ ਆਪ ਹੈਂ ਦਾਤਾ। ਤੂੰ ਇਹਨਾਂ ਸਾਰਿਆਂ ਸਰੀਰਾਂ ਨੂੰ ਜਿਵੇਂ ਰੱਖਦਾ ਹੈਂ ,ਉਵੇਂ ਹੀ ਰਹਿੰਦੇ ਹਨ। ਇਹ ਆਪਣੇ ਆਪ ਵਿਚਾਰੇ ਕੁਝ ਨਹੀਂ ਕਰ ਸਕਦੇ॥੪॥
ਜਿਸ ਨੇ ਇਹ ਸਾਰੀ ਬਣਤ ਬਣਾਈ ਹੈ (ਉਹ ਅਕਾਲ ਪੁਰਖ) ਉਹ ਆਪ ਹੀ ਜਾਣਦਾ ਹੈ, ਦੂਜਾ ਹੋਰ ਕੋਈ ਨਹੀਂ ਜਾਣਦਾ। ਹੇ ਨਾਨਕ ਆਪਣੇ ਕਾਰਜ ਜਿਸ ਤਰ੍ਹਾਂ ਵੀ ਸਾਜੇ ਹਨ ਉਹ ਅਗਮ ਅਗੋਚਰ ਪ੍ਰਭੂ ਆਪ ਹੀ ਜਾਣਦਾ ਹੈ॥੫॥

ਗਉੜੀ ਮਹਲਾ ੫ ॥
ਛੋਡਿ ਛੋਡਿ ਰੇ ਬਿਖਿਆ ਕੇ ਰਸੂਆ ॥ ਉਰਝਿ ਰਹਿਓ ਰੇ ਬਾਵਰ ਗਾਵਰ ਜਿਉ ਕਿਰਖੈ ਹਰਿਆਇਓ ਪਸੂਆ ॥੧॥ ਰਹਾਉ ॥ ਜੋ ਜਾਨਹਿ ਤੂੰ ਅਪੁਨੇ ਕਾਜੈ ਸੋ ਸੰਗਿ ਨ ਚਾਲੈ ਤੇਰੈ ਤਸੂਆ ॥ ਨਾਗੋ ਆਇਓ ਨਾਗ ਸਿਧਾਸੀ ਫੇਰਿ ਫਿਰਿਓ ਅਰੁ ਕਾਲਿ ਗਰਸੂਆ ॥੧॥ ਪੇਖਿ ਪੇਖਿ ਰੇ ਕਸੁੰਭ ਕੀ ਲੀਲਾ ਰਾਚਿ ਮਾਚਿ ਤਿਨਹੂੰ ਲਉ ਹਸੂਆ ॥ ਛੀਜਤ ਡੋਰਿ ਦਿਨਸੁ ਅਰੁ ਰੈਨੀ ਜੀਅ ਕੋ ਕਾਜੁ ਨ ਕੀਨੋ ਕਛੂਆ ॥੨॥ ਕਰਤ ਕਰਤ ਇਵ ਹੀ ਬਿਰਧਾਨੋ ਹਾਰਿਓ ਉਕਤੇ ਤਨੁ ਖੀਨਸੂਆ ॥ ਜਿਉ ਮੋਹਿਓ ਉਨਿ ਮੋਹਨੀ ਬਾਲਾ ਉਸ ਤੇ ਘਟੈ ਨਾਹੀ ਰੁਚ ਚਸੂਆ ॥੩॥ ਜਗੁ ਐਸਾ ਮੋਹਿ ਗੁਰਹਿ ਦਿਖਾਇਓ ਤਉ ਸਰਣਿ ਪਰਿਓ ਤਜਿ ਗਰਬਸੂਆ ॥ ਮਾਰਗੁ ਪ੍ਰਭ ਕੋ ਸੰਤਿ ਬਤਾਇਓ ਦ੍ਰਿੜੀ ਨਾਨਕ ਦਾਸ ਭਗਤਿ ਹਰਿ ਜਸੂਆ ॥੪॥੬॥੧੨੭॥ {ਪੰਨਾ 206}

ਭਾਵ ਅਰਥ:-
ਹੇ ਭਾਈ ! ਤੂੰ ਜਿਹੜਾ ਝੂਠੇ ਰਸਾਂ ਕਸਾਂ ਵਿੱਚ ਫਸਿਆ ਪਿਆ ਹੈਂ ,ਛੱਡ ਦੇ ਉਹਨਾਂ ਨੂੰ, ਇਹ ਇਵੇਂ ਲੱਗਦਾ ਹੈ ਜਿਵੇਂ ਤੂੰ ਬਾਵਰਾ ਹੋ ਗਿਆ ਹੈਂ, ਪਾਗਲ ਹੋ ਗਿਆ ਹੈਂ ਅਤੇ ਪਸ਼ੂ ਦੀ ਤਰ੍ਹਾਂ ਹਰੇ ਹਰੇ ਘਾ ਦੇ ਲੋਭ ਵਿਚ ਭੱਜਿਆ ਫਿਰਦਾ ਹੈਂ ॥੧॥ ਰਹਾਉ॥
ਜਿਨਾਂ ਪਦਾਰਥਾਂ ਨੂੰ ਤੂੰ ਆਪਣੇ ਕੰਮ ਦੀਆਂ ਵਸਤਾਂ ਸਮਝਦਾ ਹੈਂ ,ਉਹਨਾਂ ਵਿੱਚੋਂ ਰਤੀ ਭਰ ਵੀ ਤੇਰੇ ਕੰਮ ਆਉਣ ਵਾਲੀ ਨਹੀਂ । ਤੂੰ ਨੰਗਾ ਹੀ ਆਇਆ ਤੇ ਇਥੋਂ ਨੰਗਾ ਹੀ ਵਾਪਸ ਚਲੇ ਜਾਣਾ ਹੈ ,ਜਦੋਂ ਤੈਨੂੰ ਮੌਤ ਦੇ ਫਰਿਸ਼ਤੇ ਨੇ ਆ ਕੇ ਨਿਗਲ ਲਿਆ॥੧॥
ਤੂੰ ਅਜਿਹੇ ਫੁੱਲਾਂ ਦੇ ਮਗਰ ਪਿਆ ਹੋਇਆ ਹੈਂ ,ਜਿਨਾਂ ਦਾ ਰੰਗ ਕੱਚਾ ਹੈ ,ਅਸਥਿਰ ਅਤੇ ਥੋੜ ਚਿਰੀ ਹੈ, ਭਾਵ ਤੂੰ ਮਾਇਆ ਰੂਪ ਵਿੱਚ ਗਲਤਾਨ ਹੈਂ ,ਜੋ ਕਿ ਇੱਕ ਦਿਨ ਖਤਮ ਹੋ ਜਾਣੀ ਹੈ ,ਤੇਰੇ ਨਾਲ ਨਹੀਂ ਜਾਣੀ, ਤੇਰੇ ਕਿਸੇ ਕੰਮ ਨਹੀਂ ਆਉਣੀ॥੨॥
ਇਸ ਸਾਰੇ ਕੁਝ ਦੇ ਵਿੱਚ ਹੀ ਜਿਉਂ ਜਿਉਂ ਤੇਰਾ ਜੀਵਨ ਲੰਘੇਗਾ ,ਤੇਰਾ ਸਰੀਰ ਸ਼ਰੀਨ ਹੁੰਦਾ ਜਾਏਗਾ, ਜਰ ਜਰ ਹੁੰਦਾ ਜਾਏਗਾ। ਇਸ ਦੇ ਨਾਲ ਹੀ ਜਿਹੜੀਆਂ ਮਾਇਆ ਰੂਪੀ ਪਦਾਰਥ ਤੈਨੂੰ ਆਪਣੇ ਵੱਲ ਖਿੱਚਦੇ ਹਨ, ਉਹਨਾਂ ਦੀ ਖਿੱਚ ਤੇਰੀ ਬਜ਼ੁਰਗਿਅਤ ਵੇਲੇ ਵੀ ਘੱਟ ਨਹੀਂ ਹੋਣੀ॥੩॥
ਜਦੋਂ ਗੁਰੂ ਨੇ ਮੈਨੂੰ ਮਾਰਗ ਦਿਖਾਇਆ ਤਾਂ ਮੈਂ ਗਰਭ ਦੇ ਵਿੱਚ ਆਇਆ, ਭਾਵ ਪ੍ਰਭੂ ਨਾਮ ਜਪਣ ਵਾਸਤੇ। ਹੇ ਨਾਨਕ! ਇਹ ਮਾਰਗ ਗੁਰੂ ਜਨ ਨੇ ਮੈਨੂੰ ਦਿਖਾਇਆ ਜਿਸ ਨਾਲ ਮੈਂ ਉਸ ਭਗਵਾਨ ਦਾ ਨਾਮ ਜਪ ਕੀਤਾ, ਭਜਨ ,ਤਪ ਕੀਤਾ ਅਤੇ ਮੈਨੂੰ ਅਸਲ ਵਿੱਚ ਜਸ ਪ੍ਰਾਪਤ ਹੋਇਆ॥੪॥



ਨਰੇਸ਼ ਕੁਮਾਰੀ
ਨਿਊਜ਼ੀਲੈਂਡ
+642041755894





RE/MAX EXECUTIVE

ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ।

Kirandeep Kaur
Realtor ®
CalDRE # 02115235

ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।

Contact : Cell (209) 550-1704

220 - A Standiford Ave, Modesto, CA 95350, kkaur@mycvre.com

EACH OFFICE IS INDEPENDENTLY OWNED AND OPERATED